# ਬਦਲੇ ਮੌਸਮ ਬੀਤੇ ਪਲ

(ਕਾਵਿ ਸੰਗ੍ਰਹਿ)

ਡਾ. ਮੋਹਨ ਸਿੰਘ ਸ਼ਾਂਤ

Academy of the Punjab in North America: http://www.apnaorg.com

# ਬਦਲੇ ਮੌਸਮ ਬੀਤੇ ਪਲ

(ਕਾਵਿ-ਸੰਗ੍ਰਹਿ)

Academy of the Punjab in North America: http://www.apnaorg.com

# ਬਦਲੇ ਮੌਸਮ ਬੀਤੇ ਪਲ

(ਕਾਵਿ ਸੰਗ੍ਰਹਿ)

ਡਾ. ਮੋਹਨ ਸਿੰਘ ਸ਼ਾਂਤ

Academy of the Punjab in North America: http://www.apnaorg.com

# Badlay Mosam Beetay Pal

*by*

**Dr. Mohan Singh Shant**

Vill. Saimoh Tral

At present 73, Jawahar Nagar, Srinagar, Kashmir

2010

Published by Lokgeet Parkashan

S.C.O. 26-27, Sector 34 A, Chandigarh-160022

India

Ph.0172-5077427, 5077428

Punjabi Bhawan Ludhiana, 98154-71219

Type Setting & Design PCIS

Printed & bound at Unistar Books (Printing Unit)

11-A, Industrial Area, Phase-2, Chandigarh (India)

98154-71219

*© 2010*

*Produced and Bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

Academy of the Punjab in North America: http://www.apnaorg.com

ਓਸ ਖਿੜਦੀ ਕਲੀ ਦੇ ਨਾਂ
ਜਿਹੜੀ ਖਿਲਣ ਤੋਂ
ਪਹਿਲਾਂ ਹੀ ਮੁਰਝਾ ਗਈ !!!

Academy of the Punjab in North America: http://www.apnaorg.com

# ਤਤਕਰਾ


| | | |
|---|---|---|
| ♣ | ਦੋ ਸ਼ਬਦ | 7 |
| ♣ | ਅਰਜ਼ੋਈ | 9 |
| ♣ | ਗ਼ਜ਼ਲ | 10 |
| ♣ | ਗੀਤ | 12 |
| ♣ | ਵਿਸਾਖੀ | 15 |
| ♣ | ਸਵਤੰਤਰਤਾ | 18 |
| ♣ | ਖੁੱਲ੍ਹੀ ਕਵਿਤਾ | 20 |
| ♣ | ਹੁਣ ਦਾ ਪੁੱਲ | 22 |
| ♣ | ਗ਼ਜ਼ਲ | 24 |
| ♣ | ਸਹਿਮੀ ਬਹਾਰ | 26 |
| ♣ | ਗ਼ਜ਼ਲ | 29-34 |
| ♣ | ਮੁਖੌਟੇ | 35 |
| ♣ | ਧਰਤੀ ਚਿਠੀ ਸਿੰਘਪੁਰੇ ਵਾਲੀਏ | 37 |
| ♣ | ਗ਼ਜ਼ਲ | 41 |
| ♣ | ਉਹ ਕਲੀ | 42 |
| ♣ | ਗ਼ਜ਼ਲ | 44-45 |
| ♣ | ਯਾਦਾਂ ਵਿਸਾਖੀ ਦੀਆਂ | 46 |
| ♣ | ਮਿਲਾਵਟ | 48 |
| ♣ | ਸੰਦੇਸ਼ | 52 |
| ♣ | ਦਰਦ | 57 |
| ♣ | ਭੂਚਾਲ | 60 |
| ♣ | ਗ਼ਜ਼ਲ | 62-65 |
| ♣ | ਮੰਝਦਾਰਾਂ 'ਚੋਂ | 66 |
| ♣ | ਟਿਮਟਿਮਾਂਦੀ ਲੋਅ | 68 |
| ♣ | ਗ਼ਜ਼ਲ | 71-72 |




Academy of the Punjab in North America: http://www.apnaorg.com

# ਦੋ ਸ਼ਬਦ

ਮਨੁੱਖਾ ਜੀਵਨ ਮਨੁੱਖ ਨੂੰ ਜੀਵਨ ਦਾਤੇ ਵੱਲੋਂ ਮਿਲੀ ਇੱਕ ਅਨਮੋਲ ਦਾਤ ਹੈ, ਜਿਸ ਦਾ ਅਹਿਸਾਸ ਆਮ ਤੌਰ ਤੇ ਉਸ ਨੂੰ ਉਦੋਂ ਹੁੰਦਾ ਹੈ ਜਦੋਂ ਉਸਦੇ ਜੀਵਨ ਦਾ ਚੋਖਾ ਸਫ਼ਰ ਤੈਅ ਹੋ ਗਿਆ ਹੁੰਦਾ ਹੈ। ਕਈ ਵੇਰ ਪਿੱਛੇ ਮੁੜ ਕੇ ਵੇਖਣ ਤੇ ਮਨੁੱਖ ਸੋਚਣ ਲੱਗਦਾ ਹੈ ਕਿ ਜੇ ਕਦੀ ਦੁਨੀਆਂ ਦੀ ਹਕੀਕਤ ਜੀਵਨ ਦੇ ਮੁੱਢ ਤੋਂ ਹੀ ਉਸ ਦੀ ਸਮਝ ਵਿੱਚ ਆ ਜਾਂਦੀ ਤਾਂ ਮਨੁੱਖ ਕਿੰਨੇ ਹੀ ਦੁਨਿਆਵੀ ਝਮੇਲਿਆਂ ਤੋਂ ਬੱਚ ਸਕਦਾ ਸੀ ਅਤੇ ਸ਼ਾਇਦ ਉਹ ਜੀਵਨ ਨੂੰ ਹੋਰ ਚੰਗੇ ਢੰਗ ਨਾਲ ਜੀਅ ਸਕਦਾ ਸੀ। ਪਰ ਦੂਜੇ ਹੀ ਪਲ ਉਸਨੂੰ ਮੰਨਣਾ ਪੈਂਦਾ ਹੈ ਕਿ ਸਭ ਕੁਛ ਰੱਬ ਦੀ ਰਜ਼ਾ ਵਿੱਚ ਹੀ ਹੁੰਦਾ ਹੈ ਅਤੇ ਰੱਬ ਦੀ ਰਜ਼ਾ ਅੰਦਰ ਰਹਿਣਾ ਹੀ ਜ਼ਿੰਦਗੀ ਹੈ। ਜ਼ਿੰਦਗੀ ਇੱਕ ਪੜਾਓ ਹੈ। ਮੰਜ਼ਲ ਕਿਤੇ ਹੋਰ ਹੈ। ਜ਼ਿੰਦਗੀ ਦੇ ਹਰ ਪਲ ਨੂੰ ਰੱਬ ਦੀ ਦਾਤ ਸਮਝ ਕੇ ਜੀਣਾ ਮੰਜ਼ਲ ਨੂੰ ਪਾਉਣ ਦਾ ਉਪਰਾਲਾ ਹੈ।

ਇੱਕ ਵਾਰ ਫੇਰ ਦੇਰ ਨਾਲ ਹੱਥਲਾ ਕਾਵਿ ਸੰਗ੍ਰਹਿ ਲੈ ਕੇ ਪਿਆਰੇ ਪਾਠਕਾਂ ਕੋਲ ਹਾਜ਼ਰ ਹੋ ਰਿਹਾ ਹਾਂ। ਦੇਰ ਹੋਣ ਵਿੱਚ ਫੇਰ ਮੇਰੇ ਪ੍ਰੋਫੈਸ਼ਨ, ਰੁਝੇਵਿਆਂ ਅਤੇ ਹਾਲਾਤਾਂ ਦਾ ਦਖ਼ਲ ਰਿਹਾ ਹੈ। "ਅੰਬਾਰਾਂ ਦੇ ਓਹਲੇ" ਤੋਂ ਹੱਥਲੇ ਕਾਵਿ ਸੰਗ੍ਰਹਿ "ਬਦਲੇ ਮੌਸਮ ਬੀਤੇ ਪਲ" ਤੱਕ ਬਹੁਤ ਸਾਰੀਆਂ ਦੁਖਦਾਈ ਘਟਨਾਵਾਂ ਵਾਪਰੀਆਂ ਹਨ। ਸਬਜ਼ ਚਨਾਰਾਂ ਨੂੰ ਲੱਗੀ ਅੱਗ ਹੋਰ ਭੜਕੀ ਹੈ ਅਤੇ ਇਸ ਅੱਗ ਵਿੱਚ ਬਹੁਤ ਕੁਝ ਸੜ ਕੇ ਸਵਾਹ ਹੋ ਗਿਆ ਹੈ। ਇਨਸਾਨੀ ਕਦਰਾਂ ਤੇ ਕੀਮਤਾਂ ਦਾ ਪਤਨ ਹੋਇਆ ਹੈ। ਸ਼ਰਧਾ ਤੇ ਭਾਵਨਾ ਘੱਟ ਹੋ ਗਈ ਹੈ। ਏਸ ਸਾਰੇ ਵਾਤਾਵਰਨ ਨੇ ਮਨੁੱਖ ਦੀ ਸੋਚ ਨੂੰ ਬੁਰੀ ਤਰ੍ਹਾਂ ਘਾਇਲ ਕੀਤਾ ਹੈ।

ਇਸ ਸਮੇਂ ਵਿੱਚ ਚਿਠੀ ਸਿੰਘ ਪੁਰੇ ਅਤੇ ਮਹਿਜੂਰ ਨਗਰ ਦੇ ਖ਼ੂਨੀ ਕਾਂਡ ਵਾਪਰੇ ਹਨ, ਜਿਨ੍ਹਾਂ ਨੇ ਮਨ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਜ਼ਾਤੀ ਤੌਰ ਤੇ ਵੀ ਬਹੁਤ ਸਾਰੀਆਂ ਦੁਖੀ ਘਟਨਾਵਾਂ ਮੇਰੇ ਨਾਲ ਵਾਪਰੀਆਂ ਹਨ। ਮੇਰੇ ਪਿਤਾ ਜੀ ਮਾਤਾ ਜੀ ਅਤੇ ਹੋਰ ਕਿੰਨੇ ਸਾਕ ਸਬੰਧੀਆਂ ਦਾ ਵਿਛੋੜਾ ਸਹਿਣਾ ਪਿਆ ਹੈ। ਫਿਰ ਮੇਰੇ ਜਿਗਰ ਦੇ ਟੋਟੇ ਮੇਰੀ ਪਿਆਰੀ ਬੱਚੀ ਸੁਪਿੰਦਰ ਕੌਰ ਦੇ ਅਚਾਨਕ ਵਿਛੋੜੇ ਨੇ ਤਾਂ ਮੇਰੇ ਵਜੂਦ ਨੂੰ ਹੀ ਹਿਲਾਕੇ ਰੱਖ ਦਿੱਤਾ ਹੈ। ਪਰ ਕੀ ਕੀਤਾ ਜਾ



Academy of the Punjab in North America: http://www.apnaorg.com

ਸਕਦਾ ਹੈ। ਜੀਣਾ ਤਾਂ ਹਰ ਹਾਲ ਵਿਚ ਪੈਂਦਾ ਹੈ। ਰੱਬ ਦੀ ਰਜ਼ਾ ਅੱਗੇ ਸਿਰ ਨਿਵਾਣਾ ਪੈਂਦਾ ਹੈ। ਰੱਬ ਦੇ ਸਹਾਰੇ ਹੀ ਜ਼ਿੰਦਗੀ ਜਿਵੇਂ ਕਿਵੇਂ ਤੁਰਦੀ ਰਹੀ ਹੈ ਅਤੇ ਜੀਵਨ ਤੱਥ ਨੂੰ ਹੋਰ ਸਮਝਣ ਤੇ ਹੋਰ ਗੌਲਣ ਦੀ ਪ੍ਰੇਰਨਾ ਮਿਲਦੀ ਰਹੀ ਹੈ।

"ਬਦਲੇ ਮੌਸਮ ਬੀਤੇ ਪਲ" ਨੂੰ ਲੈ ਕੇ ਪਿਆਰੇ ਅਤੇ ਸੂਝਵਾਨ ਪਾਠਕਾਂ ਅੱਗੇ ਮੇਰੀ ਬੇਨਤੀ ਹੈ ਕਿ ਇਸ ਕਾਵਿ ਸੰਗ੍ਰਹਿ ਵਿਚ ਜੋ ਕੁਛ ਵੀ ਪੇਸ਼ ਕਰ ਸਕਿਆ ਹਾਂ, ਉਸ ਵਿਚ ਰਹਿ ਗਈਆਂ ਮੇਰੀਆਂ ਤਰੁੱਟੀਆਂ ਨੂੰ ਨਜ਼ਰਅੰਦਾਜ਼ ਕਰ ਦੇਣਾ। ਕੀਮਤੀ ਸੁਝਾਵਾਂ ਦੀ ਆਸ ਰੱਖਾਂਗਾ।

ਧੰਨਵਾਦ ਸਹਿਤ।

ਸ਼ੁਭ ਚਿੰਤਕ

**ਡਾ. ਮੋਹਨ ਸਿੰਘ ਸ਼ਾਂਤ**



Academy of the Punjab in North America: http://www.apnaorg.com

# ਅਰਜ਼ੋਈ

ਹਰ ਤਰਫ਼ ਆਪਣਾ ਮੰਨਜ਼ਰ ਦੇ ਦੇ।
ਮੈਨੂੰ ਮੇਰੇ ਮਹਿਬੂਬ ਉਹ ਨਜ਼ਰ ਦੇ ਦੇ।

ਭੁਲਕੇ ਵੀ ਪੱਲ ਭਰ ਤੈਨੂੰ ਨਾ ਭੁਲਾਵਾਂ
ਯਾਦ ਆਪਣੀ ਸ਼ਾਮ ਤੇ ਫੱਜ਼ਰ ਦੇ ਦੇ।

ਮੇਰੇ ਬੋਲਾਂ 'ਚ' ਭਰ ਦੇ ਦੁਆ ਦੀ ਤਾਸੀਰ
ਮੇਰੇ ਹੱਥਾਂ 'ਚ' ਦਵਾ ਦਾ ਅਸਰ ਦੇ ਦੇ।

ਮੇਰੀ ਜ਼ਿੰਦਗੀ ਨੂੰ ਬਖ਼ਸ਼ ਦੇ ਸੇਵਾ ਦਾ ਵਰਦਾਨ
ਮੇਰੇ ਬੀਮਾਰ ਨੂੰ ਆਰਾਮ ਦੀ ਉਮਰ ਦੇ ਦੇ।

ਮੇਰੀ ਸੋਚ ਨੂੰ ਉੱਚੇ ਆਦਰਸ਼ਾਂ ਦੀ ਉਡਾਰੀ
ਮੇਰੀ ਕਲਮ ਨੂੰ ਨਜ਼ਮ ਤੇ ਨਸਰ ਦੇ ਦੇ।

ਹਰ ਕਿਸੇ ਨੂੰ ਹਰ ਕੋਈ ਮਨੁੱਖ ਜਾਪੇ
ਹਰ ਕਿਸੇ ਨੂੰ ਜਹੀ ਨਜ਼ਰ ਦੇ ਦੇ।

ਹਰ ਤਰਫ਼ ਆਪਣਾ ਮੰਨਜ਼ਰ ਦੇ ਦੇ।
ਮੈਨੂੰ ਮੇਰੇ ਮਹਿਬੂਬ ਉਹ ਨਜ਼ਰ ਦੇ ਦੇ।

*



Academy of the Punjab in North America: http://www.apnaorg.com

## ਗ਼ਜ਼ਲ

ਜ਼ਿੰਦਗੀ ਓਹੀ ਅਖਾਏ ਜ਼ਿੰਦਗੀ।
ਜੋ ਕਿਸੇ ਦੇ ਕੰਮ ਆਏ ਜ਼ਿੰਦਗੀ।

ਲੋੜਵੰਦਾਂ ਦੀ ਬਣੇ ਢਾਰਸ ਜਹੀ
ਦੁਖੀਆਂ ਦੇ ਦੁੱਖ ਵੰਡਾਏ ਜ਼ਿੰਦਗੀ।

ਤਿਲਫੁਲ ਦਸਵੰਦ ਅਪਣਾ ਕੱਢ ਕੇ
ਜੋ ਸਰੇ ਸੋ ਦਾਨ ਪਾਏ ਜ਼ਿੰਦਗੀ।

ਦਾਤ ਦੇਵਣਹਾਰ ਦੀ ਵੰਡ ਖਾਣ ਲਈ
ਆਪ ਭਾਵੇਂ ਥੋੜ੍ਹਾ ਖਾਏ ਜ਼ਿੰਦਗੀ।

ਸੇਵਾ ਤੇ ਪੁੰਨਦਾਨ ਦੇ ਵਰਦਾਨ ਤੋਂ
ਨਾ ਕਿਤੇ ਸੱਖਣੀ ਰਹਿ ਜਾਏ ਜ਼ਿੰਦਗੀ।



Academy of the Punjab in North America: http://www.apnaorg.com

ਦੁਖੀਆਂ ਦੇ ਦਰਦ ਦੀ ਲੋੜੇ ਦਵਾ
ਜ਼ਖ਼ਮਾਂ ਤੇ ਮਰ੍ਹਮ ਲਾਏ ਜ਼ਿੰਦਗੀ।

ਰਾਹ ਹਨੇਰੇ ਦੀ ਕਿਸੇ ਨੁੱਕਰ ਉੱਤੇ
ਆਸ਼ਾ ਦਾ ਦੀਵਾ ਜਗਾਏ ਜ਼ਿੰਦਗੀ।

ਸ਼ਾਂਤ ਸਾਗਰ ਵਿਚ ਪਾ ਕੇ ਬੂੰਦ ਇੱਕ
ਮਤ ਕਦੀ ਆਪਾ ਗਿਣਾਏ ਜ਼ਿੰਦਗੀ।

ਜ਼ਿੰਦਗੀ ਓਹੀ ਅਖਾਏ ਜ਼ਿੰਦਗੀ
ਜੋ ਕਿਸੇ ਦੇ ਕੰਮ ਆਏ ਜ਼ਿੰਦਗੀ।

*



Academy of the Punjab in North America: http://www.apnaorg.com

# ਗੀਤ

ਐ ਮਨੁੱਖ ਰੱਬ ਦੀਆਂ ਰਹਿਮਤਾਂ ਨੂੰ ਕਦੀ
ਹੋ ਕੇ ਗਾਫਿਲ ਦਿਲੋਂ ਤੂੰ ਭੁਲਾਇਆ ਨਾ ਕਰ।
ਹੈ ਬੜੀ ਕੀਮਤੀ ਸ਼ੈ ਇਹ ਜੀਵਨ ਤੇਰਾ
ਏਸ ਸ਼ੈ ਨੂੰ ਅਜਾਈਂ ਗਵਾਇਆ ਨਾ ਕਰ।

ਏਸ ਦੁਨੀਆਂ ਦੇ ਅਦਭੁਤ ਨਜ਼ਾਰੇ ਨੇ ਜੋ
ਇਹ ਨੇ ਤੇਰੇ ਲਈ ਹੀ ਖਿਲਾਰੇ ਹੋਏ।
ਝੀਲਾਂ, ਨਦੀਆਂ, ਪਰਬਤ, ਪਰਿੰਦੇ ਤੇ ਫੁਲ
ਹੱਥੀਂ ਕੁਦਰਤ ਨੇ ਆਪਣੇ ਸ਼ਿੰਗਾਰੇ ਹੋਏ।
ਕੈਸੇ ਕਾਦਰ ਨੇ ਰੰਗ ਨੇ ਬਖੇਰੇ ਹੋਏ
ਵੇਖ ਏਨ੍ਹਾਂ ਤੋਂ ਨਜ਼ਰਾਂ ਚੁਰਾਇਆ ਨਾ ਕਰ।

ਜੋੜਿਆ ਕਰ ਦਿਲਾਂ ਨੂੰ ਤੂੰ ਲਾਕੇ ਮਰ੍ਹਮ
ਪਾਇਆ ਵਿਥਾਂ ਨਾਲੇ ਤੂੰ ਨਖੇੜੇ ਨਾ ਕਰ।
ਸੀੜਿਆ ਕਰ ਜ਼ਖ਼ਮ ਵਾਂਗ ਸੂਈ ਦੇ ਤੂੰ
ਵਾਂਗ ਕੈਂਚੀ ਦੇ ਪਾਇਆ ਬਖੇੜੇ ਨਾ ਕਰ।
ਨਫ਼ਰਤਾਂ ਦੀ ਚਿੰਗਾਰੀ ਨੂੰ ਦੇ ਕੇ ਹਵਾ
ਕਦੀ ਅੱਗ ਦੇ ਤੂੰ ਭਾਂਬੜ ਮਚਾਇਆ ਨਾ ਕਰ।



Academy of the Punjab in North America: http://www.apnaorg.com

ਮਾਣ ਛੱਡ ਦੇ ਜਵਾਨੀ ਤੇ ਤਾਕਤ ਦਾ ਤੂੰ
ਰਹਿਣ ਵਾਲੀ ਇਥੇ ਦਸ ਕਿਹੜੀ ਚੀਜ਼ ਹੈ।
ਯਾਦ ਰੱਖਣਾ ਬੜੀ ਗੱਲ ਹੈ ਖੌਫ਼ੇ ਖ਼ੁਦਾ
ਨਾਲੇ ਖਿਦਮਤ ਖਲਕ ਦੀ ਬੜੀ ਚੀਜ਼ ਹੈ।
ਪੈ ਕੇ ਝੂਠੇ ਤਕੱਬਰ ਦੇ ਵੱਸ ਐ ਮਨੁੱਖ
ਜ਼ਿੰਦਗੀ ਆਪਣੀ ਨੂੰ ਤੂੰ ਜ਼ਾਇਆ ਨਾ ਕਰ।

ਦੁੱਖ ਵੰਡਾਣਾ ਕਿਸੇ ਦਾ ਹੀ ਹੈ ਜ਼ਿੰਦਗੀ
ਦੁੱਖ ਦੇਣਾ ਕਿਸੇ ਨੂੰ ਮਨੁੱਖਤਾ ਨਹੀਂ।
ਦਿਲ ਨਹੀਂ ਉਹ ਤਾਂ ਸੀਨੇ 'ਚ' ਪੱਥਰ ਹੈ ਬਸ
ਵੇਖ ਦੁਖੜੇ ਕਿਸੇ ਦੇ ਜੋ ਦੁਖਦਾ ਨਹੀਂ।
ਆਹ! ਦੁਖੀਆਂ ਦੀ ਪੁਜਦੀ ਏ ਅਰਸ਼ਾਂ ਉੱਤੇ
ਦੁਖੀ ਆਜਜ਼ਾਂ ਤਾਈਂ ਸਤਾਇਆ ਨਾ ਕਰ।

ਬੇਵਸੀ ਤੇ ਕਿਸੇ ਦੀ ਤੂੰ ਹੱਸਿਆ ਨਾ ਕਰ
ਕੀ ਪਤਾ ਕਿਸ ਦੇ ਦਿਲ 'ਚੋਂ ਉਠੇ ਬੱਦ ਦੁਆ।
ਵਖ਼ਤ ਦਾ ਵੇਗ ਤਾਂ ਕਦੀ ਰੁਕਦਾ ਨਹੀਂ
ਚਾਹੇ ਜਿਸ ਨੂੰ ਕਰੇ ਸ਼ਾਹ ਤੋਂ ਇਹ ਗਦਾਹ।
ਅੱਗੇ ਅਮਲਾਂ ਦਾ ਆਖ਼ਰ ਹੋਵੇਗਾ ਹਿਸਾਬ
ਏਸ ਗੱਲ ਨੂੰ ਕਦੀ ਤੂੰ ਭੁਲਾਇਆ ਨਾ ਕਰ।



Academy of the Punjab in North America: http://www.apnaorg.com

ਹੱਕ ਅਪਣੇ ਦੀ ਰਾਖੀ ਹੈ ਕਰਨੀ ਮਗਰ
ਰੱਖ ਨਜ਼ਰ ਨਾ ਕਿਸੇ ਦੀ ਅਮਾਨਤ ਉੱਤੇ।
ਬਣ ਕੇ ਭੋਲਾ ਕਿਸੇ ਦਾ ਨਾ ਹੱਕ ਮਾਰ ਤੂੰ
ਰੀਝਦਾ ਰੱਬ ਨਹੀਂ ਹੈ ਖ਼ਿਆਨਤ ਉਤੇ।
ਖੇਤ ਅਪਣਾ ਵਧਾਵਣ ਲਈ ਐ ਮਨੁੱਖ
ਖੇਤ ਦੂਜਿਆਂ ਦਾ ਕਦੀ ਖਾਇਆ ਨਾ ਕਰ।

ਪਾਇਆ ਤੂੰ ਮਰਤਬਾ ਹੈ ਜੋ ਇਨਸਾਨ ਦਾ
ਬਖਸ਼ੀ ਕਾਦਰ ਨੇ ਤੈਨੂੰ ਇਹ ਸੌਗਾਤ ਹੈ।
ਤੂੰ ਹੈਂ ਵਾਸੀ ਵਿਸ਼ਵ ਦਾ ਦੁਆਲੇ ਤੇਰੇ
ਪਾਰ ਤੋਂ ਵੀ ਪਰੇ ਸਾਰੀ ਕਾਇਨਾਤ ਹੈ।
ਹੈ ਹਯਾਤੀ ਦਾ ਮਕਸਦ ਏਹੀ ਐ ਮਨੁੱਖ
ਰਾਹ ਹਕੀਕਤ ਦੀ ਤੋਂ ਦੂਰ ਜਾਇਆ ਨਾ ਕਰ।

ਐ ਮਨੁੱਖ ਰੱਬ ਦੀਆਂ ਰਹਿਮਤਾਂ ਨੂੰ ਕਦੀ
ਹੋਕੇ ਗਾਫਿਲ ਦਿਲੋਂ ਤੂੰ ਭੁਲਾਇਆ ਨਾ ਕਰ।
ਹੈ ਬੜੀ ਕੀਮਤੀ ਸ਼ੈ ਇਹ ਜੀਵਨ ਤੇਰਾ
ਏਸ ਸ਼ੈ ਨੂੰ ਅਜਾਈਂ ਗਵਾਇਆ ਨਾ ਕਰ।

*



Academy of the Punjab in North America: http://www.apnaorg.com

# ਵਿਸਾਖੀ

ਚੜ੍ਹਿਆ ਵਿਸਾਖ ਆਈ
ਰੁੱਤ ਹੈ ਸੁਹਾਣੀ ਨਾਲੇ
ਬੂਟਿਆਂ ਨੂੰ ਲੱਗ ਗਿਆ
ਨਿੱਕਾ ਨਿੱਕਾ ਬੂਰ ਏ।

ਮਹਿਕੀਆਂ ਹਵਾਵਾਂ ਅਤੇ
ਚਹਿਕੀਆਂ ਫ਼ਿਜ਼ਾਵਾਂ ਨਾਲੇ
ਫੈਲੀ ਏ ਸੁਗੰਧੀ
ਚਾਰੇ ਪਾਸੇ ਦੂਰ ਦੂਰ ਏ।

ਧੂਧੂਆਂ, ਤਰੇਲੂਆਂ ਤੇ
ਘੁੱਗੀਆਂ ਤਰਾਨੇ ਛੇੜੇ
ਵਜਦੀ ਸ਼ਹਿਨਾਈ ਨਾਲੇ
ਜਿਵੇਂ ਸੰਤੂਰ ਏ।



Academy of the Punjab in North America: http://www.apnaorg.com

ਢੱਲ ਢੱਲ ਬਰਫ਼ਾਂ ਵੀ
ਵਗੀਆਂ ਮੈਦਾਨਾਂ ਵੱਲ
ਸ਼ੂਕ ਉਠੇ ਆੜ
ਪਾਣੀ ਹੋਇਆ ਭਰਪੂਰ ਏ।

ਧਰਤੀ ਤੇ ਸਰਸੋਂ
ਪਸਾਰਿਆ ਸੁਨਹਿਰੀ ਰੰਗ
ਜਿਵੇਂ ਪਾ ਕੇ ਗਹਿਣੇ ਕੋਈ
ਸੱਜੀ ਹੋਈ ਹੂਰ ਏ।

ਬੇਲਿਆਂ ਤੇ ਬਾਗਾਂ ਵਿੱਚ
ਆਈ ਏ ਬਸੰਤ ਰਾਣੀ
ਪਲੋ ਪਲ ਗੱਲ ਸਾਰੇ
ਹੋ ਗਈ ਮਸ਼ਹੂਰ ਏ।

ਅੱਜ ਕੇਸਗੜ੍ਹ ਵਿਖੇ
ਗੁਰੂ ਦਸ਼ਮੇਸ਼ ਜੀ ਨੇ
ਪੰਜ ਸੀਸ ਭੇਟਾ ਲੈ ਕੇ
ਘੜਿਆ ਮਨਸ਼ੂਰ ਏ।



Academy of the Punjab in North America: http://www.apnaorg.com

ਪੰਜਾਂ ਨੂੰ ਪਿਲਾਕੇ ਪਾਹੁਲ
ਖੰਡੇ ਵਾਲੀ ਆਪ ਪੀਤੀ
ਆਪੇ ਗੁਰੂ ਚੇਲੇ ਦਾ
ਚਲਾਇਆ ਦਸਤੂਰ ਏ।

ਸਾਜਿਆ ਪੰਥ ਖਾਲਸਾ
ਨਿਰਾਲਾ ਸਾਰੇ ਜੱਗ ਨਾਲੋਂ
ਦਿੱਤਾ ਰੂਪ ਆਪਣਾ ਤੇ
ਰੱਬ ਦਾ ਜ਼ਹੂਰ ਏ।

ਮਾਨਸ ਕੀ ਜਾਤ ਸਭੇ
ਏਕ ਹੀ ਸਿਖਾਇਆ ਓਹਨੇ
ਸਾਰਿਆਂ 'ਚ' ਕਿਹਾ
ਇੱਕੋ ਰੱਬ ਦਾ ਹੀ ਨੂਰ ਏ।

ਚੜ੍ਹਿਆ ਵਿਸਾਖ ਆਈ
ਰੁੱਤ ਹੈ ਸੁਹਾਣੀ ਨਾਲੇ
ਬੂਟਿਆਂ ਨੂੰ ਲੱਗ ਗਿਆ
ਨਿੱਕਾ-ਨਿੱਕਾ ਬੂਰ ਏ।

*



Academy of the Punjab in North America: http://www.apnaorg.com

# ਸਵਤੰਤਰਤਾ

ਚਿਰ੍ਹਾਂ ਤੋਂ ਅੰਬਰਾਂ ਤੇ ਛਾਈਆਂ
ਘੋਰ ਕਾਲੀਆਂ ਘਟਾਵਾਂ 'ਚੋਂ
ਲਿਸ਼ਕਦੇ ਸੂਰਜ ਨੇ ਜਦੋਂ
ਝਾਤ ਮਾਰੀ ਤਾਂ ਲੱਗਿਆ ਜਿਵੇਂ
ਮੱਸਿਆ ਦੀ ਕਾਲੀ ਰਾਤ ਦੀ
ਪ੍ਰਭਾਤ ਹੋ ਚੱਲੀ ਏ।

ਸਯਾਦ ਦੇ ਪਿੰਜਰੇ ਦੀ
ਕੈਦ 'ਚੋਂ ਮੁਕਤ ਹੋਏ
ਪੰਛੀਆਂ ਨੇ ਜਦੋਂ
ਖੁੱਲ੍ਹੀਆਂ ਫ਼ਿਜ਼ਾਵਾਂ ਵਿੱਚ
ਉਡਾਰੀਆਂ ਲਾਈਆਂ ਅਤੇ
ਦਮ ਘੁਟਦੇ ਵਾਤਾਵਰਨ 'ਚੋਂ ਨਿਕਲ ਕੇ
ਸੁਖਾਵੇਂ ਸਾਹ ਲੈਣ ਲੱਗੇ ਤਾਂ ਜਾਪਿਆ
ਜਿਵੇਂ ਕਾਲ ਕੋਠੜੀ ਦੀ ਖਿੜਕੀ
ਖੁੱਲ੍ਹੇ ਡੁੱਲ੍ਹੇ ਚਮਨ ਵਿੱਚ
ਜਾ ਖੁੱਲ੍ਹੀ ਏ।



Academy of the Punjab in North America: http://www.apnaorg.com

ਕੱਕਰ ਪਾਲਾ ਨੇਰ੍ਹੀਆਂ ਤੇ ਧੁੱਪਾਂ
ਸਹਿੰਦੇ ਆ ਰਹੇ ਰੁੱਖਾਂ ਨੇ
ਆਖ਼ਰ ਧੌਣ ਚੁੱਕੀ ਤੇ
ਆਕਾਸ਼ ਵੱਲ ਵੇਖਣ ਲੱਗੇ
ਫਲਣ ਫੁੱਲਣ ਦੀ ਆਸ਼ਾ
ਆਪਣੇ ਅੰਦਰ ਜਗਦੀ
ਵੇਖ ਕੇ ਸੋਚਣ ਲੱਗੇ
ਸਵਤੰਤਰਤਾ ਦੀ ਅਨਮੋਲ ਸੌਗਾਤ
ਬੜੀ ਹੀ ਘਾਲਣਾ
ਘਾਲ ਕੇ ਮਿਲੀ ਏ।

ਹੱਸ ਕੇ ਜਿਨ੍ਹਾਂ ਨੇ ਜਾਨਾਂ ਵਾਰੀਆਂ
ਰਾਹਾਂ ਨੂੰ ਉਹ ਰੋਸ਼ਨ ਕਰ ਗਏ।
ਚੜ੍ਹ ਗਏ ਸੂਲੀ ਤੇ ਆਸ਼ਕ
ਪਤੰਗੇ ਸ਼ਮ੍ਹਾਂ ਤੇ ਸੜ ਗਏ।
ਭੁੱਲ ਗਏ ਰਾਂਝੇ ਨੇ ਅੱਜ
ਜੋਗੀ ਬਣ ਬੈਠੇ ਰਕੀਬ।
ਬੇਘਰ ਹੋਏ ਪੰਛੀਆਂ ਨੂੰ
ਆਹਲਣੇ ਨੇ ਚਾਹੀਦੇ।
ਮੁਰਝਾ ਰਹੇ ਰੁੱਖ ਅੱਜ ਤਾਂ
ਪਾਲਣੇ ਨੇ ਚਾਹੀਦੇ।

*



Academy of the Punjab in North America: http://www.apnaorg.com

# ਖੁੱਲ੍ਹੀ ਕਵਿਤਾ

ਖੁੱਲ੍ਹੀ ਕਵਿਤਾ
ਇਤਨੀ ਵੀ ਖੁੱਲ੍ਹੀ ਨਹੀਂ
ਕਿ ਇਸ ਵਿੱਚ
ਜੋ ਜੀਅ ਕਰੇ ਘੁਸੇੜ ਦਿਓ।
ਜਾਂ ਫਿਰ ਏਸ ਦੇ ਆਕਾਰ 'ਚੋਂ
ਜੋ ਜੀਅ ਕਰੇ ਉਦੇੜ੍ਹ ਦਿਓ।

ਇਹ ਤਾਂ ਇੱਕ ਮਾਸੂਮ ਜਹੀ
ਅੱਲੜ੍ਹ ਪੇਂਡੂ ਕੁੜੀ ਵਾਂਗ
ਪਾ ਕੇ ਖੁੱਲ੍ਹ ਡੁੱਲ੍ਹਾ ਲਿਬਾਸ
ਜੰਗਲ ਦੀ ਹਿਰਨੀ ਵਾਂਗ
ਨੱਚਦੀ ਹੈ ਟੱਪਦੀ ਹੈ।
ਪਰਬਤਾਂ ਮੈਦਾਨਾਂ 'ਚੋਂ
ਵੱਲ ਖਾਂਦੀ ਨਦੀ ਵਾਂਗ
ਰਾਹ ਕਢਦੀ ਹੈ।
ਅਣਜਾਣਾ ਨੇ ਪਾਏ
ਢੰਗੇ ਇਸ ਦੀ ਚਾਲ ਨੂੰ।
ਤਾਂ ਵੀ ਇਸ ਦੀ ਰਵਾਨੀ
ਰੁਕੀ ਹੈ ਨਾ ਥਮ੍ਹੀ ਹੈ।



Academy of the Punjab in North America: http://www.apnaorg.com

ਭੋਲਾਪਨ ਤੇ ਮਾਸੂਮੀਅਤ
ਏਸ ਦੇ ਕੀ ਕਹਿਣੇ ਨੇ।
ਸਾਦਗੀ ਤੇ ਸਵੱਛਤਾ
ਇਸ ਦੇ ਅਸਲੀ ਗਹਿਣੇ ਨੇ।
ਏਸ ਦੀ ਸਾਦਗੀ
ਮਾਸੂਮੀਅਤ ਅੱਲ੍ਹੜਪੁਣੇ ਦਾ
ਨਕਲੀ ਆਸ਼ਕ ਅੱਜ ਦੇ
ਕਰਦੇ ਪਏ ਨੇ ਇਸਤੇਮਾਲ।
ਮਾਂਗਵੇਂ ਗਹਿਣਿਆਂ ਦਾ
ਪਾ ਕੇ ਇਸ ਮੂਰਤ ਨੂੰ ਹਾਰ।
ਰੂਪ ਰੰਗ ਇਸ ਹੁਸਨ ਦਾ
ਕਰ ਦੇਂਦੇ ਨੇ ਹਾਲੋਂ ਬੇਹਾਲ।

ਪਾ ਕੇ ਜ਼ੇਵਰ ਮਾਂਗਵੇਂ
ਬੇਢੰਗੇ ਤੇ ਅਧਘੜੇ
ਮੂੰਹ ਮੱਥਾ ਇਸ ਦਾ
ਝਰੀਟ ਦੇਂਦੇ ਨੇ।
ਸਿਮਦਾ ਏ ਫਿਰ ਲਹੂ
ਇਸ ਦੇ ਜ਼ਖ਼ਮਾਂ 'ਚੋਂ ਜੋ
ਉਸ ਨਾਲ ਹੀ ਉਹ ਬੇਅਦਬ
ਇਸ ਦੇ ਮੱਥੇ ਉੱਤੇ
ਸਰਨਾਵਾਂ ਆਪਣਾ
ਉਲੀਕ ਦੇਂਦੇ ਨੇ ਅਤੇ
ਦੇ ਦਿੰਦੇ ਨੇ ਨਾਂ ਇਸ ਨੂੰ
ਖੁੱਲ੍ਹੀ ਕਵਿਤਾ ਦਾ।

*



Academy of the Punjab in North America: http://www.apnaorg.com

# ਹੁਣ ਦਾ ਪੁੱਲ

ਬਚਪਨ ਵਿਚ ਚਾਹਤ ਸੀ ਮੇਰੀ
ਛੇਤੀ-ਛੇਤੀ ਬੜਾ ਹੋ ਜਾਵਾਂ।
ਮਾਂ ਪਿਓ ਦੀ ਸੇਵਾ ਦੇ ਵਿੱਚ
ਕਿਸੇ ਤਰਹਾਂ ਮੈਂ ਹੱਥ ਵਟਾਵਾਂ।

ਬੜਾ ਜਦੋਂ ਹੁੰਦਾ ਗਿਆ ਮੈਂ
ਚਾਹੁੰਦਾ ਸਾਂ ਬੱਚਾ ਬਣ ਜਾਵਾਂ।
ਮਾਂ ਦੀ ਨਿੱਘੀ ਗੋਦ ਵਿੱਚ ਬਹਿਕੇ
ਸਾਰੇ ਦੁੱਖ ਤੇ ਗ਼ਮ ਭੁੱਲ ਜਾਵਾਂ।



Academy of the Punjab in North America: http://www.apnaorg.com

ਜਵਾਨੀ ਨੇ ਬਚਪਨ ਖੋਹ ਲਿਆ
ਨਾਲੇ ਖੋਹੀਆਂ ਬੇਪਰਵਾਹੀਆਂ।
ਬੁਢੇਪੇ ਨੇ ਲੁੱਟ ਲਈ ਜਵਾਨੀ
ਚੰਚਲਪੁਣੇ ਤੇ ਬੰਦਸ਼ਾਂ ਲਾਈਆਂ।

ਕਿੰਨੀ ਦੂਰ ਹੁਣ ਛੱਡ ਆਏ ਹਾਂ
ਭੋਲਾਪਨ ਮਾਸੂਮ ਅਦਾਵਾਂ।
ਵੱਲ ਵਲਿੰਗੇ ਰਾਹਾਂ ਨੂੰ ਹੁਣ
ਮੋੜ ਕਿਵੇਂ ਪਿੱਛੇ ਲੈ ਜਾਵਾਂ।

ਸਮਾਂ ਕਿਸੇ ਲਈ ਕਦ ਰੁਕਿਆ ਹੈ
ਆਪਣੇ ਮਨ ਨੂੰ ਹੈ ਸਮਝਾਣਾ।
ਹੁਣ ਦਾ ਪੱਲ ਜੀਵਨ ਹੈ ਤੇਰਾ
ਹੁਣ ਦਾ ਪਲ ਮੁੜਕੇ ਨਹੀਂ ਆਣਾ।

*



Academy of the Punjab in North America: http://www.apnaorg.com

# ਗ਼ਜ਼ਲ

ਇੱਕ ਸਦੀ ਜਿੰਨੀ ਹੈ ਬੀਤੀ
ਉਹ ਗ਼ਮਾਂ ਦੀ ਕਾਲ ਰਾਤ।
ਕੰਡਿਆਂ ਦੀ ਸੇਜ ਤੇ ਗੁਜ਼ਰੀ
ਜਿਵੇਂ ਕੰਡਿਆਲੀ ਰਾਤ।

ਉਹ ਨਹੀਂ ਆਏ ਉਨ੍ਹਾਂ ਦੀ
ਯਾਦ ਬਸ ਆਉਂਦੀ ਰਹੀ
ਉਫ਼! ਕਿਵੇਂ ਅੱਖਾਂ 'ਚੋਂ ਗੁਜ਼ਰੀ
ਉਹ ਹਿੱਜਰ ਦੇ ਵਾਲੀ ਰਾਤ।

ਅੱਲ੍ਹਿਆਂ ਜ਼ਖ਼ਮਾਂ ਉੱਤੇ
ਤੇਜ਼ਾਬ ਵੀ ਡੁੱਲ੍ਹਦੇ ਰਹੇ
ਵੇਖ ਮੁਸਕਾਂਦੀ ਰਹੀ
ਅੰਨ੍ਹੀ ਤੇ ਕਾਲੀ ਬੋਲੀ ਰਾਤ।

ਦਿਲ ਅੰਦਰ ਅਰਮਾਨ ਦਿਲ ਦੇ
ਸਿਸਕੀਆਂ ਭਰਦੇ ਰਹੇ
ਦੰਦੀਆਂ ਵੱਢਦੀ ਰਹੀ
ਡਾਇਣ ਜਹੀ ਘੱਸਮੈਲੀ ਰਾਤ।



Academy of the Punjab in North America: http://www.apnaorg.com

ਅੰਬਰਾਂ 'ਚੋਂ ਚੁੱਪ ਚੁਪੀਤੇ
ਤਾਰੇ ਵੀ ਟੁੱਟਦੇ ਰਹੇ
ਨਾਂ ਕਿਸੇ ਹੰਝੂ ਵਹਾਏ
ਨਾ ਕਿਸੇ ਗੌਲੀ ਉਹ ਰਾਤ।

ਬੇਵੱਸ ਕੂੰਜਾਂ ਦੀ ਗਿੱਚੀ
ਬਾਜ਼ ਫੜ ਘੁਟਦੇ ਰਹੇ
ਆਹਾਂ ਵੀ ਸੁਣਦੀ ਰਹੀ
ਵਿਸ ਭਰੀ ਵਿਸ਼ੈਲੀ ਰਾਤ।

ਜੇ ਕਦੀ ਭੁੱਲਕੇ ਵੀ ਤੂੰ
ਆ ਜਾਂਦਾ ਐ ਦਿਲ ਦੇ ਕਰਾਰ
ਯਾਦ ਬਣ ਜਾਂਦੀ ਸਦਾ ਲਈ
ਉਹ ਵਸਲ ਦੇ ਵਾਲੀ ਰਾਤ।

ਇਕ ਸਦੀ ਜਿੰਨੀ ਹੈ ਬੀਤੀ
ਉਹ ਗ਼ਮਾਂ ਦੇ ਵਾਲੀ ਰਾਤ।
ਕੰਡਿਆਂ ਦੀ ਸੇਜ ਤੇ
ਗੁਜ਼ਰੀ ਜਿਵੇਂ ਕੰਡਿਆਲੀ ਰਾਤ।

*



Academy of the Punjab in North America: http://www.apnaorg.com

# ਸਹਿਮੀ ਬਹਾਰ

ਅੱਜ ਦੀ ਵਾਰ ਜਦੂੰ
ਮੁੜਕੇ ਬਹਾਰ ਆਈ ਤਾਂ
ਗੋਸ਼ਾ ਗੋਸ਼ਾ ਚਮਨ ਦਾ
ਯਾਰੋ ਉਦਾਸ ਸੀ।

ਨਿੰਮੋਝੂਣ ਝੁਕੀਆਂ ਹੋਈਆਂ
ਲਿਫੀਆਂ ਹੋਈਆਂ ਸਨ ਡਾਲੀਆਂ
ਪੱਤਾ ਪੱਤਾ ਮਾਯੂਸ ਤੇ
ਬੂਟਾ ਬੂਟਾ ਨਿਰਾਸ਼ ਸੀ।

ਮੁਅੱਤਰ ਅਤੇ ਖੁਸ਼ਬੂ ਲਦੀ
ਠੰਡੀ ਨਸੀਮ ਦੀ ਥਾਂ
ਵੱਗ ਰਹੀ ਸੀ ਲੂੰ
ਗੁੰਚਿਆਂ ਨੂੰ ਸੇਕਦੀ।

ਕਮਲੋ ਰਹੀਆਂ ਕਲੀਆਂ ਦੇ
ਬੁੱਝੇ ਬੁੱਝੇ ਹੋਏ ਸੀ ਦਿਲ
ਮੁਰਝਾ ਰਹੇ ਫੁੱਲਾਂ ਦੇ
ਬੁੱਲ੍ਹਾਂ ਉਤੇ ਪਿਆਸ ਸੀ।



Academy of the Punjab in North America: http://www.apnaorg.com

ਜੰਗਲ ਦੀ ਅੱਗ ਵਾਂਗ
ਫੈਲ ਰਹੇ ਸੀ ਭਾਂਬੜ
ਆਬਸ਼ਾਰਾਂ ਦਾ ਪਾਣੀ
ਵਿਅਰਥ ਵੱਗ ਰਿਹਾ ਸੀ।

ਹੱਕੇ ਬੱਕੇ ਹੈਰਾਨ ਹੋ
ਤੱਕ ਰਹੇ ਸੀ ਬੁਲਬੁਲ
ਪਾ ਲਿਆ ਇਨਸਾਨ ਨੇ ਕਿਉਂ
ਅੱਗ ਦਾ ਲਿਬਾਸ ਸੀ।

ਨੀਲੇ ਨਿੰਬਲੀ ਕੜਕਦੀਆਂ
ਬਿਜਲੀਆਂ ਦੇ ਸ਼ੋਰ ਵਿੱਚ
ਸੁਰੀਲੇ ਪੰਛੀਆਂ ਦੇ
ਗਵਾਚ ਗਏ ਸੀ ਮਧੁਰ ਗੀਤ।

ਘੁੱਗੀਆਂ, ਕੂੰਜਾਂ ਤੇ ਕੂ ਕੂ
ਵਿਵਸ਼ ਤੱਕ ਰਹੇ ਸੀ
ਸੜ ਰਹੇ ਸੀ ਆਲ੍ਹਣੇ
ਉੱਠ ਰਹੀ ਭੜਾਸ ਸੀ।



Academy of the Punjab in North America: http://www.apnaorg.com

ਰੂਸ ਕਟੀਆਂ ਤੇ ਹਿਰਨ
ਲੁਕ ਗਏ ਸੀ ਸਹਿਮ ਕੇ
ਬਸਤੀਆਂ ਵਿੱਚ ਉਤਰ ਆਏ
ਭੇੜੀਏ ਭਘਿਆੜ ਸੀ।

ਜਿੱਧਰ ਵੇਖੋ ਆਦਮਖੋਰ ਹੀ
ਨਜ਼ਰ ਆਉਂਦੇ ਸਨ
ਗਿਰਜਾਂ, ਇੱਲਾਂ ਦੇ ਮੂੰਹ ਵਿੱਚ
ਆਦਮੀ ਦਾ ਮਾਸ ਸੀ।

ਵੇਖ ਕੇ ਹੈਰਾਨ ਹੋ ਗਈ
ਸਹਿਮੀ ਰੁੱਤ ਬਹਾਰ ਦੀ
ਪੈ ਗਈ ਸੋਚੀਂ ਕਿਵੇਂ
ਗੁਲਸ਼ਨ ਦੀ ਰੱਬਾ ਹੋਵੇ ਖ਼ੈਰ।

ਕਿੱਧਰੋਂ ਕੋਈ ਮਸਹੀਆ
ਬਹੁੜ ਕੇ ਆ ਜਾਏ ਹੁਣ
ਰੱਖ ਲਏ ਚਮਨ ਨੂੰ ਹੁਣ ਤਾਂ
ਬਸ ਏਹੀ ਇੱਕ ਆਸ ਸੀ।

ਅੱਜ ਦੀ ਵਾਰ ਜਦੂੰ
ਮੁੜਕੇ ਬਹਾਰ ਆਈ ਤਾਂ
ਗੋਸ਼ਾ ਗੋਸ਼ਾ ਚਮਨ ਦਾ
ਯਾਰੋ ਉਦਾਸ ਸੀ।

*



Academy of the Punjab in North America: http://www.apnaorg.com

## ਗ਼ਜ਼ਲ

ਅੱਗ ਦੇ ਭਾਂਬੜ ਦੁਖਦੇ ਸਾਏ।
ਇੱਕ ਸੋਹਣੀ ਬਸਤੀ ਤੇ ਛਾਏ।

ਛਲਨੀ ਛਲਨੀ ਹੋ ਗਏ ਬੂਟੇ
ਖਿੜਦੇ ਖਿੜਦੇ ਫੁੱਲ ਮੁਰਝਾਏ।

ਇਸ ਕੇਸਰ ਦੀ ਕਿਆਰੀ ਅੰਦਰ
ਜੰਡ ਕਰੀੜ ਕਿੱਥੋਂ ਉੱਗ ਆਏ।

ਨਿਰਮਲ ਨੀਰ ਖੂਹਾਂ ਦਾ ਭੁੱਲਿਆ
ਲਹੂ ਪਿਆਸੇ ਆਦਮ ਜਾਏ।

ਜੋਕਾਂ ਚੂਸ ਗਈਆਂ ਰੱਤ ਸਾਰੀ
ਰਹਿ ਗਏ ਖਾਲੀ ਪਿੰਜਰ ਹਾਏ।

ਘਾਇਲ ਹੋ ਗਈ ਚੇਤਨਾ ਮਨ ਦੀ
ਸੁੱਕੇ ਬੁੱਲ੍ਹ ਬੋਲ ਥਥਲਾਏ।



Academy of the Punjab in North America: http://www.apnaorg.com

ਬੇਵੱਸ ਹੋਈ ਕਲਮ ਦੀ ਕਾਨੀ
ਬਿੱਖਰ ਗਏ ਅੱਖਰ ਧੁੰਦਲਾਏ।

ਰੇਤ ਦੀਆਂ ਦੀਵਾਰਾਂ ਬਣੀਆਂ
ਤੱਕਦੇ ਰਹਿ ਗਏ ਹੱਕ ਹਮਸਾਏ।

ਰੱਬਾ ਖ਼ੈਰ ਹੋਵੇ ਗੁਲਸ਼ਨ ਦੀ
ਮੰਗਦਾ ਮਾਲੀ ਹੱਥ ਫੈਲਾਏ।

ਝੁਲਸ ਗਏ ਰੁੱਖਾਂ ਨੂੰ ਠਾਰੇ
ਕਿੱਧਰੋਂ ਕੋਈ ਹੂਟਾ ਆਏ

ਅੱਗ ਦੇ ਭਾਂਬੜ ਦੁੱਖ ਦੇ ਸਾਏ।
ਇੱਕ ਸੋਹਣੀ ਬਸਤੀ 'ਤੇ ਛਾਏ।

*



Academy of the Punjab in North America: http://www.apnaorg.com

# ਗ਼ਜ਼ਲ

ਕਲੀਆਂ ਦਾ ਕੰਡਿਆਂ ਵਿਚਕਾਰ ਬਸੇਰਾ ਏ।
ਕੂੰਜਾਂ ਨੂੰ ਬਾਜ਼ਾਂ ਨੇ ਪਾਇਆ ਘੇਰਾ ਏ।

ਚਾਰ ਚੁਫ਼ੇਰੇ ਘੋਰ ਅਮਾਵਸ ਛਾਈ ਏ।
ਦਮ ਘੁਟਦਾ ਏ ਐਥੇ ਬਹੁਤ ਹਨੇਰਾ ਏ।

ਪਿੱਪਲ ਬਣ ਬਹਿੰਦੇ ਨੇ ਅਰਖੱੜ ਦੇ ਬੂਟੇ
ਕੌਣ ਪਛਾਣੇ ਕਿਸ ਦਾ ਅਸਲੀ ਚਿਹਰਾ ਏ।

ਅੰਬਰਾਂ ਨੂੰ ਥੰਮ੍ਹਿਆਂ ਹੈ ਮੈਂ ਪੈਰਾਂ ਉਤੇ
ਕਹਿੰਦਾ ਚੁੰਜਾਂ ਮਾਰ ਮਾਰ ਬਟੇਰਾ ਏ।

ਭਰਿਆ ਹੋਇਆ ਭਾਂਡਾ ਕਦੀ ਵੀ ਵੱਜਦਾ ਨਹੀਂ
ਖਾਲੀ ਭਾਂਡਾ ਪਾਂਦਾ ਸ਼ੋਰ ਵਧੇਰਾ ਏ।



Academy of the Punjab in North America: http://www.apnaorg.com

ਰਾਹਾਂ ਉੱਤੇ ਹੋਰ ਕੰਡੇ ਨਾ ਬੀਜੋ ਹੁਣ
ਇਹ ਨਗਰੀ ਉਂਜ ਹੀ ਦੁੱਖਾਂ ਦਾ ਡੇਰਾ ਏ।

ਦੂਜਿਆਂ ਨੂੰ ਪੱਥਰ ਮਾਰਨ ਵਾਲੇ ਗਾਫ਼ਿਲ
ਤੇਰਾ ਵੀ ਖੰਡਰਾਂ ਵਿਚਕਾਰ ਬਸੇਰਾ ਏ।

ਸੱਪਾਂ ਦੇ ਘੇਰੇ ਵਿੱਚ ਦੇਂਦਾ ਖੁਸ਼ਬੂ ਜੋ
ਚੰਦਨ ਦੇ ਬੂਟੇ ਦਾ ਕਿਤਨਾ ਜੇਹਰਾ ਏ।

ਰੁਸ ਕੇ ਗੁਲਸ਼ਨ ਤੋਂ ਸੀ ਗਈ ਬਹਾਰ ਕਦੀ
ਮੁੜ ਨਾ ਹਾਲੇ ਤੱਕ ਪਾਇਆ ਉਸ ਫੇਰਾ ਏ।

ਮੁੱਕੇਗੀ ਰੱਬਾ ਇਹ ਰਾਤ ਹਨੇਰੀ ਕਦ
ਆਉਣ ਵਾਲਾ ਕਦੋਂ ਸੋਨ ਸਵੇਰਾ ਏ।

ਕਲੀਆਂ ਦਾ ਕੰਡਿਆਂ ਵਿਚਕਾਰ ਬਸੇਰਾ ਏ
ਕੂੰਜਾਂ ਨੂੰ ਬਾਜਾਂ ਨੇ ਪਾਇਆ ਘੇਰਾ ਏ।

*



Academy of the Punjab in North America: http://www.apnaorg.com

# .ਗ਼ਜ਼ਲ

ਸ਼ੱਕਰ ਜਾਣ ਕੇ ਵਿਸ ਖਾ ਰਿਹਾ ਹੈ
ਮਨੁੱਖ ਆਪੇ ਹੀ ਮਰਦਾ ਜਾ ਰਿਹਾ ਹੈ।

ਮਰ ਗਏ ਜ਼ਮੀਰ ਦੀ ਪੰਡ ਨੂੰ ਉਠਾ ਕੇ
ਚਾਤੁਰ ਆਦਮੀ ਅਖਵਾ ਰਿਹਾ ਹੈ।

ਧਰਤੀ ਦਾ ਸੁਹਜ ਤੇ ਸੁਹੱਪਣ ਮਿਟਾਕੇ
ਕਮੰਦਾਂ ਤਾਰਿਆਂ ਤੇ ਪਾ ਰਿਹਾ ਹੈ।

ਪਹਿਨ ਕੇ ਬਾਣਾ ਫਰਿਸ਼ਤੇ ਦਾ ਮਨੁੱਖ
ਦੁਨੀਆਂ ਖਾਤਰ ਦੀਨ ਵੀ ਗਵਾ ਰਿਹਾ ਹੈ।

ਚੁਰਾ ਕੇ ਬੋਲ ਮਿੱਠੇ ਕੋਇਲਾਂ ਦੇ
ਬੇਸੁਰਾ ਹੀ ਕਾਗ ਕਾਲਾ ਗਾ ਰਿਹਾ ਹੈ।

ਦੁਨੀਆਂ ਹੁਣ ਰਹਿਣ ਦੀ ਥਾਂ ਹੀ ਨਹੀਂ ਹੈ
ਆਦਮੀ ਸ਼ੈਤਾਨ ਬਣਦਾ ਜਾ ਰਿਹਾ ਹੈ।

ਵੇਖਣਾ ਹੈ ਕੀ ਪਤਾ ਕੀ ਕੀ ਹਾਲੇ ਵੀ
ਕੀ ਕੀ ਰੰਗ ਲੈ ਕੇ ਜ਼ਮਾਨਾ ਆ ਰਿਹਾ ਹੈ।

ਸੰਭਲ 'ਸ਼ਾਂਤ' ਹਾਲੇ ਵੀ ਮਿਟਾਦੇ ਤੌਖ਼ਲੇ ਤੂੰ
ਪਿੱਛਾ ਦੂਰ ਅੱਗਾ ਰੋਜ਼ ਨੇੜੇ ਆ ਰਿਹਾ ਹੈ।

ਸ਼ੱਕਰ ਜਾਣਕੇ ਵਿਸ ਖਾ ਰਿਹਾ ਹੈ
ਮਨੁੱਖ ਆਪੇ ਹੀ ਮਰਦਾ ਜਾ ਰਿਹਾ ਹੈ।

*



Academy of the Punjab in North America: http://www.apnaorg.com

## ਗ਼ਜ਼ਲ

ਹਉਂਮੈਂ ਮਨੁੱਖ ਦੀ ਮੱਤ ਮਾਰਦੀ ਏ
ਹਲੀਮੀ ਜ਼ਿੰਦਗੀ ਸੰਵਾਰਦੀ ਏ।

ਅਕਲ ਤੋਂ ਕੰਮ ਲੈਂਦੇ ਨੇ ਸਿਆਣੇ
ਅਕਲ ਹੀ ਤਾਰਦੀ ਅਕਲ ਹੀ ਮਾਰਦੀ ਏ।

ਈਰਖਾ ਦੁਨੀਆਂ ਤੇ ਪਾਂਦੀ ਏ ਬਖੇੜੇ
ਦੁਨੀਆਂ ਖੇਡ ਹੀ ਬਸ ਪਿਆਰ ਦੀ ਏ।

ਸੁਰਮਾਂ ਅੱਖੀਆਂ ਵਿਚ ਰੜਕਦਾ ਏ
ਮਹਿੰਦੀ ਹੱਥਾਂ ਨੂੰ ਸ਼ਿੰਗਾਰਦੀ ਏ।

ਘੜੇ ਕੱਚੇ ਤੇ ਤਰਦੇ ਨੇ ਝਨਾਂ ਨੂੰ
ਤਾਂਘ ਜਿਨ੍ਹਾਂ ਦੇ ਅੰਦਰ ਦੀਦਾਰ ਦੀ ਏ।

ਬੀਤ ਜਾਏ ਨਾ ਅਜਾਈਂ 'ਸ਼ਾਂਤ' ਕਿੱਧਰੇ
ਮਿਲੀ ਜ਼ਿੰਦਗਾਨੀ ਦਿਨ ਦੋ ਚਾਰ ਦੀ ਏ।

ਹਉਂਮੈਂ ਮਨੁੱਖ ਦੀ ਮੱਤ ਮਾਰਦੀ ਏ
ਹਲੀਮੀ ਜ਼ਿੰਦਗੀ ਸੰਵਾਰਦੀ ਏ।

*



Academy of the Punjab in North America: http://www.apnaorg.com

# ਮੁਖੌਟੇ

ਰੰਗ ਬਿਰੰਗੀ ਇਸ ਦੁਨੀਆਂ ਵਿੱਚ
ਵੇਖੋ ਰੰਗ ਵਟਾਉਂਦੇ ਲੋਕ।

ਅਸਲੀ ਚਿਹਰੇ ਕੱਜਣ ਖਾਤਰ
ਕਿੰਝ ਮੁਖੌਟੇ ਪਾਉਂਦੇ ਲੋਕ।

ਆਪਣੇ ਆਪ ਨੂੰ ਸਮਝ ਸਿਆਣੇ
ਐਂਵੇਂ ਆਪ ਗਿਣਾਉਂਦੇ ਲੋਕ।

ਆਪਣੇ ਤੁੱਛ ਸਵਾਰਥ ਦੇ ਲਈ
ਕੌਮ ਨੂੰ ਦਾਅ ਤੇ ਲਾਉਂਦੇ ਲੋਕ।

ਪਾਉਣ ਲਈ ਝੂਠੇ ਸਰਨਾਵੇਂ
ਨਕਲੀ ਜਾਲ ਵਿਛਾਉਂਦੇ ਲੋਕ।

ਨਾਰੀ ਦਾ ਅਪਮਾਨ ਜੋ ਕਰਦੇ
ਓਹੀ ਹਿੱਤ ਜਤਲਾਉਂਦੇ ਲੋਕ।

ਪਾਜ ਸਦਾ ਚੜ੍ਹਿਆ ਨਹੀਂ ਰਹਿੰਦਾ
ਸੱਚੀ ਗੱਲ ਭੁੱਲ ਜਾਂਦੇ ਲੋਕ।



Academy of the Punjab in North America: http://www.apnaorg.com

ਬਿਨ ਬੋਲੇ ਫੁੱਲ ਮਹਿਕ ਖਿਲਾਰਨ
ਸੀਨੇ ਨਾਲ ਲਗਾਉਂਦੇ ਲੋਕ।

ਕੰਡੇ ਹਰਦਮ ਰਹਿਣ ਉਲਝਦੇ
ਦਾਵਣ ਤਾਂ ਹੀ ਬਚਾਉਂਦੇ ਲੋਕ।

ਅਸਲੀ ਮਹਿਰਮ ਉਹ ਨੇ ਹੁੰਦੇ
ਜੋ ਲੋਕਾਂ ਮਨ ਭਾਉਂਦੇ ਲੋਕ।

ਰੰਗ ਬਿਰੰਗੀ ਇਸ ਦੁਨੀਆਂ ਵਿੱਚ
ਵੇਖੇ ਰੰਗ ਵਟਾਉਂਦੇ ਲੋਕ।

ਅਸਲੀ ਚਿਹਰੇ ਕੱਜਣ ਖਾਤਰ
ਕਿੰਝ ਮੁਖੌਟੇ ਪਾਉਂਦੇ ਲੋਕ।

*



Academy of the Punjab in North America: http://www.apnaorg.com

# ਧਰਤੀ ਚਿਠੀ ਸਿੰਘਪੁਰੇ ਵਾਲੀਏ

ਦਸ ਧਰਤੀ ਚਿਠੀ ਸਿੰਘਪੁਰੇ ਵਾਲੀਏ
ਦੁੱਖ ਇਤਨਾ ਅਸਹਿ ਤੂੰ ਕਿਵੇਂ ਸਹਿ ਗਈ।
ਪੱਲ ਦੇ ਪੱਲ ਸੀਨਾ ਛਲਨੀ ਤੇਰਾ ਹੋ ਗਿਆ
ਨੀਲੇ ਨਿੰਬਲੋਂ ਇਹ ਬਿਜਲੀ ਕਿਵੇਂ ਪੈ ਗਈ।

ਉਹ ਮਨੁੱਖ ਦੇ ਮੁਖੌਟੇ ਪਹਿਨ ਜਾਨਵਰ
ਤੇਰੀ ਬਸਤੀ 'ਚ' ਢਾਵਣ ਕਹਿਰ ਆ ਗਏ।
ਉਹ ਵਹਿਸ਼ੀ ਦਰਿੰਦੇ ਉਹ ਬਹੁ-ਰੂਪੀਏ
ਮਨੁੱਖਤਾ ਨੂੰ ਦੇਵਣ ਜ਼ਹਿਰ ਆ ਗਏ।
ਓਨ੍ਹਾਂ ਐਸੀ ਲਹੂ ਨਾਲ ਧਰਤੀ ਰੰਗੀ
ਵੇਖ ਹੋਣੀ ਵੀ ਬੇਵੱਸ ਜਹੀ ਰਹਿ ਗਈ।



Academy of the Punjab in North America: http://www.apnaorg.com

ਵੀਹ ਇੱਕੀ ਮਾਰਚ ਦੀ ਵਿਚੋਲੀ ਉਹ ਰਾਤ
ਸੀ ਕਿਆਮਤ ਤੋਂ ਪਹਿਲਾਂ ਕਿਆਮਤ ਜਹੀ।
ਐਸੀ ਨੇਹਰੀ ਜ਼ੁਲਮ ਦੀ ਝੁਲਾਈ ਗਈ
ਕੋਈ ਵੀ ਸ਼ੈ ਨਾ ਕਿੱਧਰੇ ਸਲਾਮਤ ਰਹੀ।
ਕੰਬੀ ਧਰਤੀ ਮਨੁੱਖਤਾ ਵੀ ਡੋਲਣ ਲੱਗੀ
ਕੰਧ ਇਨਸਾਫ਼ ਦੀ ਸੀ ਜਿਵੇਂ ਢਹਿ ਗਈ।

ਨਾਲ ਛੱਲ ਦੇ ਕਤਾਰਾਂ 'ਚ' ਕਰਕੇ ਖੜ੍ਹੇ
ਨਿਹੱਥਿਆਂ ਤੇ ਗੋਲੀ ਚਲਾਈ ਉਨ੍ਹਾਂ।
ਹਾਏ! ਮਾਸੂਮ, ਨਿਰਦੋਸ਼ ਨਿਰਵੈਰਿਆਂ
ਦੀਆਂ ਲਾਸ਼ਾਂ ਦੀ ਸੱਫ ਸੀ ਵਿਛਾਈ ਉਨ੍ਹਾਂ।
ਵੇਖ ਕੇ ਬੁਜ਼ਦਿਲੀ ਜਾਬਰਾਂ ਦੀ ਅਦੋਂ
ਮੌਤ ਵੀ ਪਾ ਕੇ ਨੀਵੀਂ ਝਿੱਥੀ ਪੈ ਗਈ।

ਓਥੇ ਬੇਵੱਸ ਮਾਵਾਂ ਦੇ ਲਖਤੇ ਜਿਗਰ
ਹੋਕੇ ਲਥਪਥ ਲਹੂ ਵਿਚ ਤੜਫਦੇ ਰਹੇ।
ਵੀਰ ਛਲਨੀ ਹੋਏ ਡਿੱਗੇ ਧਰਤੀ ਉਤੇ
ਵੇਖ ਭੈਣਾਂ ਦੇ ਦਿਲ ਸੀ ਫੜਕਦੇ ਰਹੇ।
ਸਾਈਂ ਜਿਨ੍ਹਾਂ ਦੇ ਸਿਰ ਦੇ ਵਿਛੋੜੇ ਗਏ
ਬਸ ਉਜੜ ਕੇ ਉਨ੍ਹਾਂ ਦੀ ਉਮਰ ਰਹਿ ਗਈ।



Academy of the Punjab in North America: http://www.apnaorg.com

ਚੀਖਾਂ ਮਾਵਾਂ ਦੀਆਂ ਹੂਕਾਂ ਭੈਣਾਂ ਦੀਆਂ
ਹਾੜ੍ਹੇ ਤੀਵੀਆਂ ਦੇ ਦਿਲ ਹਿਲਾਉਂਦੇ ਰਹੇ।
ਲਾਲ ਜਿਨ੍ਹਾਂ ਦੇ ਸਾਹਵੇਂ ਸੀ ਕੋਹੇ ਗਏ
ਪਿਤਾ ਰੋਂਦੇ ਰਹੇ ਕੁਰਲਾਂਦੇ ਰਹੇ।
ਕਾਲੀ ਬੋਲੀ ਦੁੱਖਾਂ ਤੇ ਵਿਛੋੜੇ ਦੀ ਰਾਤ
ਛੋਟੇ ਬੱਚਿਆਂ ਉੱਤੇ ਸੀ ਕਹਿਰ ਢਾਹ ਰਹੀ।

ਪੀੜਾ, ਹਸਰਤ, ਸਹਿਮ ਤੇ ਵਿਛੋੜੇ ਦਾ ਗ਼ਮ
ਚਿਹਰਿਆਂ ਤੇ ਮਾਸੂਮਾਂ ਦੇ ਛਾਇਆ ਹੋਇਆ।
ਡੂੰਘੇ ਸਾਗਰ ਜਿਹੀਆਂ ਅੱਖੀਆਂ ਦੇ ਅੰਦਰ
ਖੌਫ਼ ਤੂਫ਼ਾਨ ਦਾ ਸੀ ਸਮਾਇਆ ਹੋਇਆ।
ਪੁੱਛ ਰਹੀ ਸੀ ਹਰ ਇੱਕ ਸਹਿਮੀ ਸਹਿਮੀ ਨਜ਼ਰ
ਕਿ ਮਨੁੱਖਤਾ ਮਨੁੱਖ ਦੀ ਕਿੱਥੇ ਰਹਿ ਗਈ।

ਇਕ ਬੀਮਾਰ ਮਾਂ ਲੇਟੀ ਬਿਸਤਰ ਉੱਤੇ
ਮੌਤ ਦੇ ਨਾਲ ਸੀ ਜੋ ਪਈ ਲੜ ਰਹੀ।
ਸੀ ਇੱਕੋ ਇੱਕ ਪੁੱਤਰ ਉਸਦਾ ਆਸਰਾ
ਜਿਵੇਂ ਨਿਰਬਲ ਅੰਨ੍ਹੇਂ ਦੀ ਸੀ ਸੋਟੀ ਜਹੀ।
ਵੈਰੀਆਂ ਨੇ ਸਹਾਰਾ ਉਹ ਵੀ ਖੋਹ ਲਿਆ
ਮੌਤ ਤੋਂ ਪਹਿਲਾਂ ਹੀ ਕਾਲ ਵੱਸ ਪੈ ਗਈ।



Academy of the Punjab in North America: http://www.apnaorg.com

ਹੋ ਕੇ ਸਨਮੁੱਖ ਗੁਰੂ ਜੀ ਦੇ ਦਰਬਾਰ ਦੇ
ਛਾਤੀਆਂ ਵਿਚ ਸਿੰਘ ਗੋਲੀਆਂ ਖਾ ਗਏ।
ਜਾਬਰਾਂ ਦੇ ਮੂੰਹ ਤੇ ਲਾਹਨਤਾਂ ਪੈ ਗਈਆਂ
ਜਦਕਿ ਰੁਤਬਤਾ ਸ਼ਹਾਦਤ ਦਾ ਸਿੰਘ ਪਾ ਗਏ।
ਭੇਟਾ ਸ਼ਰਧਾ ਦੇ ਫੁੱਲ ਬਸ ਚੜ੍ਹਾਵਣ ਲਈ
ਸਾਰੀ ਦੁਨੀਆਂ ਚਿਠੀ ਸਿੰਘਪੁਰੇ ਆ ਗਈ।

ਭੁੱਲ ਗਏ ਸਾਕਾ ਆਪਣੇ ਪਰਾਏ ਸਾਰੇ
ਕਿਸੇ ਨੇ ਵੀ ਨਾ ਇਸ ਗੱਲ ਨੂੰ ਗੌਲਿਆ।
ਕਰਕੇ ਝੂਠੇ ਵਾਅਦੇ ਦੇ ਕੇ ਝੂਠੇ ਵਚਨ
ਮੁੜ ਕਿਸੇ ਨੇ ਵੀ ਨਾ ਦੁੱਖਾਂ ਨੂੰ ਫੋਲਿਆ।
ਮੁੱਲ ਪਾਇਆ ਕਿਸੇ ਵੀ ਨਾ ਸਰਕਾਰ ਨੇ
ਇਹ ਸ਼ਹਾਦਤ ਸਿੰਘਾਂ ਦੀ ਅਜਾਈਂ ਗਈ।

ਦੱਸ ਧਰਤੀ ਚਿਠੀ ਸਿੰਘਪੁਰੇ ਵਾਲੀਏ
ਦੁੱਖ ਇਤਨਾ ਅਸਹਿ ਤੂੰ ਕਿਵੇਂ ਸਹਿ ਗਈ।
ਪੱਲ ਦੇ ਪੱਲ ਸੀਨਾ ਛਲਨੀ ਤੇਰਾ ਹੋ ਗਿਆ
ਨੀਲੇ ਨਿੰਬਲੋਂ ਇਹ ਬਿਜਲੀ ਕਿਵੇਂ ਪੈ ਗਈ।

*



Academy of the Punjab in North America: http://www.apnaorg.com

# ਗ਼ਜ਼ਲ

ਕਰਦੇ ਨੇ ਗੱਲਾਂ ਹੀ ਬਸ ਜੋ ਪਿਆਰ ਦੀਆਂ
ਕੀ ਜਾਣਨ ਕਦਰਾਂ ਯਾਰੋ ਉਹ ਯਾਰ ਦੀਆਂ।

ਦੇਂਦੇ ਨੇ ਜੋ ਸਾਥ ਲੁੱਚੇ ਕਿਰਦਾਰਾਂ ਦਾ
ਕਰਦੇ ਨੇ ਗੱਲਾਂ ਓਹੀ ਆਚਾਰ ਦੀਆਂ।

ਹੰਸਾਂ ਦੇ ਵਿੱਚ ਬਗਲੇ ਵੀ ਜਾ ਬਹਿੰਦੇ ਨੇ
ਦੱਸਦੇ ਨਹੀਂ ਗੱਲਾਂ ਕੀਤੇ ਸੰਘ੍ਰਾਰ ਦੀਆਂ।

ਦਰਦ ਕਿਸੇ ਦਾ ਕਿਸੇ ਨੂੰ ਤੜਪਾਂਦਾ ਨਹੀਂ
ਕੌਣ ਸੁਣੇ ਆਹਾਂ ਲੁਛਦੇ ਬੀਮਾਰ ਦੀਆਂ।

ਬੋਲਾਂ ਵਿੱਚ ਤਲਖ਼ੀ ਦਿਲਾਂ ਵਿਚ ਦੂਰੀ ਹੈ
ਕੈਸੀਆਂ ਇਹ ਰਮਜ਼ਾਂ ਨੇ ਅੱਜ ਇਜ਼ਹਾਰ ਦੀਆਂ।

ਛੱਡ ਜਾਂਦੇ ਨੇ ਸਾਥ ਹਨ੍ਹੇਰੇ ਵਿੱਚ ਸਾਏ
ਭੁੱਲ ਜਾਂਦੇ ਕਸਮਾਂ ਕੀਤੇ ਇਕਰਾਰ ਦੀਆਂ।

ਕੋਈ ਕਿਸੇ ਦਾ ਮਹੁਸਨ ਨਾ ਮਹਿਰਮ ਹੀ ਰਿਹਾ
ਬਦਲ ਗਈਆਂ ਰੀਤਾ ਸਾਰੇ ਸੰਸਾਰ ਦੀਆਂ।

ਕਰਦੇ ਨੇ ਗੱਲਾਂ ਹੀ ਬਸ ਜੋ ਪਿਆਰ ਦੀਆਂ
ਕੀ ਜਾਣਨ ਕਦਰਾਂ ਯਾਰੋ ਉਹ ਯਾਰ ਦੀਆਂ।

*



Academy of the Punjab in North America: http://www.apnaorg.com

# ਉਹ ਕਲੀ

ਇੱਕ ਕੰਡਿਆਲੇ ਰੁੱਖ ਦੀ
ਇੱਕ ਸ਼ਾਖ ਤੇ ਕਲੀ ਖਿਲੀ।
ਮੁਸਕਰਾਉਂਦੀ, ਚਹਿਕਦੀ ਤੇ
ਮਹਿਕ ਵੰਡਦੀ ਝੱਲੀ।

ਉਹ ਕਲੀ ਕੋਮਲ ਜਹੀ
ਮਾਸੂਮ ਤੇ ਚੰਚਲ ਜਹੀ।
ਪਿਆਰੀ, ਮਨਮੋਹਕ ਅਤੇ
ਸੁਹਿਰਦ ਨਾਲੇ ਨਿਰਛੱਲੀ।

ਕੰਡਿਆਲੇ ਉਸ ਰੁੱਖ ਤੇ
ਲੈ ਆਈ ਉਹ ਰੌਣਕਾਂ
ਸੁੱਕੀ ਜਹੀ ਟਾਹਣੀ ਜਿਵੇਂ
ਹੋ ਗਈ ਹੋਵੇ ਹਰੀ!

ਖਿੜਦੀ ਖਿੜਦੀ ਓਸਨੇ
ਮਹਿਕਾਇਆ ਵਾਤਾਵਰਨ।
ਹਰ ਕਿਸੇ ਦੀ ਚਮਨ ਵਿੱਚ
ਬਣ ਗਈ ਉਹ ਲਾਡਲੀ।

ਹਾਏ! ਕਿਸਮਤ ਤੇ ਕਰਮ
ਉਸ ਰੁੱਖ ਦੇ ਮਾੜੇ ਦੋਵੇਂ
ਹੋਣੀ ਸੀ ਹੂਣੀ ਜੋ
ਹੋ ਕੇ ਰਹੀ ਉਹ ਨਾ ਟਲੀ!



Academy of the Punjab in North America: http://www.apnaorg.com

ਨੀਲੇ ਨਿੰਬਲੋਂ ਚਾਣਚੱਕ
ਉਸ ਰੁੱਖ ਤੇ ਬਿਜਲੀ ਪਈ
ਝੁਲਸ ਗਿਆ ਕੰਡਿਆਲੀ ਰੁਖ
ਤੇ ਰਾਖ ਹੋ ਗਈ ਉਹ ਕਾਲੀ!

ਪੀੜਾ, ਖਲਸ਼ ਨਾਲੇ ਜਲਨ
ਸਹਿਣੇ ਨੇ ਹੁਣ ਸਾਰੀ ਉਮਰ
ਖਾਂਦਾ ਰਹੇਗਾ ਗ਼ਮ ਹੁਣ
ਘੁਣ ਵਾਂਗ ਬਸ ਪਲੋ ਪਲੀ!

ਇਸ ਤਰਹਾਂ ਕਿਸੇ ਵੀ ਰੁੱਖ ਤੇ
ਨਾ ਕਦੀ ਬਿਜਲੀ ਗਿਰੇ
ਹੱਥ ਫੈਲਾਕੇ ਰੱਬ ਪਾਸੋਂ
ਬਾਗ ਦਾ ਮੰਗੇ ਮਾਲੀ।

ਰੱਬਾ ਅਸਾਡੇ ਔਗੁਣਾਂ ਨੂੰ
ਬਖਸ਼ ਦੇ ਬਸ ਬਖਸ਼ ਦੇ
ਬਾਗੇ ਬਹਿਸ਼ਤ ਵਿਚ ਜਾ ਕੇ
ਹੁਣ ਖਿਲੇ ਓਹੀ ਕਲੀ!!!

ਇੱਕ ਕੰਡਿਆਲੇ ਰੁੱਖ ਦੀ
ਇੱਕ ਸ਼ਾਖ ਤੇ ਕਲੀ ਖਿਲੀ
ਮੁਸਕਰਾਉਂਦੀ, ਚਹਿਕਦੀ ਤੇ
ਮਹਿਕ ਵੰਡਦੀ ਝੱਲੀ!

*



Academy of the Punjab in North America: http://www.apnaorg.com

# ਗ਼ਜ਼ਲ

ਢੱਲ ਗਏ ਰੁੱਖਾਂ ਦੇ ਸਾਏ
ਫਿਰ ਉਹ ਮੌਸਮ ਯਾਦ ਨੇ ਆਏ।

ਠੰਡੀ ਛਾਵੇਂ ਬਚਪਨ ਬੀਤੇ
ਨਿੱਘੀਆਂ ਗੋਦਾਂ ਲਾਡ ਲਡਾਏ।

ਬੋਟਾਂ ਵਾਂਗ ਕੂੰਜਾਂ ਨੇ ਪਾਲੇ
ਰੱਖ ਜ਼ਖ਼ਮਾਂ ਉਤੇ ਫਾਹੇ।

ਬਦਲੀ ਰੁਤ ਤੇ ਆਈ ਜਵਾਨੀ
ਮੌਸਮ ਨੇ ਕਈ ਰੰਗ ਵਿਖਾਏ।

ਰੀਝਾਂ, ਸਧਰਾਂ, ਖੇਡਾਂ, ਹਾਸੇ
ਦੁੱਖ ਸੁੱਖ ਨਾਲੇ ਦਰਦ ਹੰਢਾਏ।

ਹਾਏ! ਹਨ੍ਹੇਰੀ ਐਸੀ ਚੱਲੀ
ਹੋ ਗਏ ਆਪਣੇ ਰੱਖ ਪਰਾਏ।

ਜਾਣ ਵਾਲੇ ਨਾ ਮੁੜਕੇ ਆਉਂਦੇ
ਬੀਤ ਗਏ ਪੱਲ ਕੌਣ ਲੈ ਆਏ।

ਦੁਨੀਆਂ ਮੇਲਾ ਚਾਰ ਦਿਨਾਂ ਦਾ
ਇੱਕ ਜਾਏ ਇੱਕ ਵੇਖਣ ਆਏ।

ਢੱਲ ਗਏ ਰੁੱਖਾਂ ਦੇ ਸਾਏ
ਫਿਰ ਉਹ ਮੌਸਮ ਯਾਦ ਨੇ ਆਏ।

*



Academy of the Punjab in North America: http://www.apnaorg.com

# ਗ਼ਜ਼ਲ

ਉਂਜ ਵੇਖਣ ਨੂੰ ਬੜਾ ਮਖਮੂਰ ਹੈ ਇਨਸਾਨ।
ਪਰ ਬੜਾ ਆਜਿਜ਼ ਬੜਾ ਮਜਬੂਰ ਹੈ ਇਨਸਾਨ।

ਕਦੀ ਤਾਂ ਆਪਣੇ ਆਪ ਨੂੰ ਕੁਛ ਵੀ ਨਹੀਂ ਹੈ ਜਾਣਦਾ
ਪਰ ਕਦੀ ਆਕੀ ਬੜਾ ਮਗਰੂਰ ਹੈ ਇਨਸਾਨ।

ਖ਼ੂਨ ਦਿੰਦਾ ਹੈ ਕਦੀ ਨਹੀਂ ਡੋਲ੍ਹਣੋ ਸੰਗਦਾ ਕਦੀ
ਆਪਣੀ ਆਦਤ ਤੋਂ ਬਸ ਮਜਬੂਰ ਹੈ ਇਨਸਾਨ।

ਚੰਨ ਨਾਲੇ ਤਾਰਿਆਂ ਦੀ ਕਰ ਰਿਹਾ ਹੈ ਭਾਵੇਂ ਸੈਰ
ਆਪਣੇ ਆਪੇ ਤੋਂ ਐਪਰ ਦੂਰ ਹੈ ਇਨਸਾਨ।

ਰੱਬ ਦੀ ਸ਼ਕਤੀ ਭੁੱਲਾਕੇ ਹੋ ਗਿਆ ਗਾਫਿਲ ਗਰੀਬ
ਹਉਮੈ ਦੇ ਝੂਠੇ ਨਸ਼ੇ ਵਿੱਚ ਚੂਰ ਹੈ ਇਨਸਾਨ।

ਖਾਲਕ ਦੀ ਖਲਕਤ ਅੰਦਰ ਜੇਕਰ ਪਛਾਣੇ ਇੱਕੋ ਨੂਰ
ਜ਼ਰੇ ਤੋਂ ਬਣ ਸਕਦਾ ਕੋਹਤੂਰ ਹੈ ਇਨਸਾਨ।

ਉਂਜ ਵੇਖਣ ਨੂੰ ਬੜਾ ਮਖਮੂਰ ਹੈ ਇਨਸਾਨ।
ਪਰ ਬੜਾ ਆਜਿਜ਼ ਬੜਾ ਮਜਬੂਰ ਹੈ ਇਨਸਾਨ।

*



Academy of the Punjab in North America: http://www.apnaorg.com

# ਯਾਦਾਂ ਵਿਸਾਖੀ ਦੀਆਂ

ਇੱਕ ਵਾਰ ਮੁੜ ਫੇਰ ਆਈ ਹੈਂ ਵਿਸਾਖੀਏ।
ਕਿੰਨੀਆਂ ਹੀ ਯਾਦਾਂ ਤੂੰ ਲਿਆਈ ਹੈਂ ਵਿਸਾਖੀਏ।

ਚਾਵਾਂ ਨਾਲ ਘਾਹ ਦੀਆਂ ਰੱਸੀਆਂ ਵਟਾਂਦੇ ਸਾਂ।
ਖੋੜੀ ਦਿਆਂ ਬੂਟਿਆਂ ਤੇ ਪੀਂਘਾਂ ਅਸੀਂ ਪਾਉਂਦੇ ਸਾਂ।
ਖੋੜੀ ਥੱਲੇ ਜੁੜ ਜਾਂਦੇ ਪੂਰਾਂ ਦੇ ਵੀ ਪੂਰ ਸੀ।
ਬੱਚੇ, ਬੜੇ, ਬੁੱਢੇ ਪੀਂਘ ਝੂਟਦੇ ਜ਼ਰੂਰ ਸੀ।
ਬੀਤੇ ਪਲ ਹਾਲੇ ਨਾ ਭੁਲਾਈ ਹੈਂ ਵਿਸਾਖੀਏ।
ਕਿੰਨੀਆਂ ਹੀ ਯਾਦਾਂ ਤੂੰ ਲਿਆਈ ਹੈਂ ਵਿਸਾਖੀਏ।

ਲੇਪਾ ਪੋਚੀ ਕਰਕੇ ਘਰਾਂ ਨੂੰ ਲਿਸ਼ਕਾਂਦੇ ਸਾਂ।
ਰੰਗਾਂ ਨਾਲ ਕੰਧਾਂ ਉੱਤੇ ਵੇਲ ਬੂਟੇ ਪਾਉਂਦੇ ਸਾਂ।
ਬੈਠ ਘਰੀਂ ਰਾਤੀਂ ਹੱਥਾਂ ਉੱਤੇ ਮਹਿੰਦੀ ਲਾਉਂਦੇ ਸਾਂ।
ਮਹਿੰਦੀ ਰੰਗੇ ਹੱਥ ਇੱਕ ਦੂਜੇ ਨੂੰ ਵਿਖਾਉਂਦੇ ਸਾਂ।
ਰੰਗਾਂ ਨਾਲ ਸਾਂਝਾਂ ਪਾਉਂਦੀ ਆਈ ਹੈਂ ਵਿਸਾਖੀਏ।
ਕਿੰਨੀਆਂ ਹੀ ਯਾਦਾਂ ਤੂੰ ਲਿਆਈ ਹੈਂ ਵਿਸਾਖੀਏ।



Academy of the Punjab in North America: http://www.apnaorg.com

ਪਹਿਲਾਂ ਗੁਰਦੁਆਰਿਆਂ 'ਚ' ਸਜਦੇ ਦੀਵਾਨ ਸੀ।
ਫੇਰ ਲੋਕੀ ਆਣ ਜੁੜਦੇ ਸਰੇ ਮੈਦਾਨ ਸੀ।
ਖੇਡਦੇ ਕਬੱਡੀ ਬੜੇ, ਬੁੱਢੇ ਤੇ ਜਵਾਨ ਸੀ।
ਇੱਕ ਨਾਲੋਂ ਇੱਕ ਓਦੋਂ ਹੁੰਦੇ ਬਲਵਾਨ ਸੀ।
ਕੈਸੇ ਕੈਸੇ ਰੰਗ ਤੂੰ ਵਿਖਾਈ ਹੈਂ ਵਿਸਾਖੀਏ।
ਕਿੰਨੀਆਂ ਹੀ ਯਾਦਾਂ ਤੂੰ ਲਿਆਈ ਹੈਂ ਵਿਸਾਖੀਏ।

ਦੁਨੀਆਂ ਤੇ ਨਿੱਤ ਨਵੇਂ ਜ਼ਿੰਦਗੀ ਦੇ ਮੇਲੇ ਨੇ।
ਬੀਤ ਗਏ ਜਿਹੜੇ ਉਹ ਨਾ ਮੁੜ ਆਉਂਦੇ ਵੇਲੇ ਨੇ।
ਜਾਣ ਵਾਲੇ ਮੁੜ ਕੇ ਨਾ ਕਦੀ ਫੇਰਾ ਪਾਉਂਦੇ ਨੇ।
ਮਿੱਠੀਆਂ ਯਾਦਾਂ ਹੀ ਬਸ ਪਿੱਛੇ ਛੱਡ ਜਾਂਦੇ ਨੇ।
ਕਿੰਨੀ ਵਾਰੀਂ ਮਿਲ ਕੇ ਮਨਾਈ ਹੈਂ ਵਿਸਾਖੀਏ।
ਕਿੰਨੀਆਂ ਹੀ ਯਾਦਾਂ ਤੂੰ ਲਿਆਈ ਹੈਂ ਵਿਸਾਖੀਏ।

ਗੁਰੂ ਦਸ਼ਮੇਸ਼ ਜੀ ਨੇ ਕੀਤਾ ਉਪਕਾਰ ਏ।
ਖਾਲਸੇ ਦਾ ਜਨਮ ਵਿਸਾਖੀ ਦਾ ਤਿਉਹਾਰ ਏ।
ਫੇਰ ਨਵੀਂ ਆਈ ਵਿਸਾਖੀ ਨੂੰ ਮਨਾਈਏ ਅੱਜ।
ਸਿਰਜਣਹਾਰ ਦੇ ਹੀ ਗੀਤ ਬਸ ਗਾਈਏ ਅੱਜ।
ਆਸਾਂ ਨਿੱਤ ਨਵੀਆਂ ਜਗਾਈ ਹੈਂ ਵਿਸਾਖੀਏ।
ਕਿੰਨੀਆਂ ਹੀ ਯਾਦਾਂ ਤੂੰ ਲਿਆਈ ਹੈਂ ਵਿਸਾਖੀਏ।
ਇੱਕ ਵਾਰ ਮੁੜ ਫੇਰ ਆਈ ਹੈਂ ਵਿਸਾਖੀਏ।
ਕਿੰਨੀਆਂ ਹੀ ਯਾਦਾਂ ਤੂੰ ਲਿਆਈ ਹੈਂ ਵਿਸਾਖੀਏ।

*



Academy of the Punjab in North America: http://www.apnaorg.com

# ਮਿਲਾਵਟ

ਬਾਬਾ ਸੱਚ ਧਰਮ
ਈਮਾਨ ਅੱਜ
ਲੱਗਦਾ ਏ ਫਿਰ ਨੇ
ਛਿਪ ਗਏ।
ਨੀਅਤ ਅੱਜ ਇਨਸਾਨ ਦੀ
ਮੁੜਕੇ ਹੈ ਮੈਲੀ ਹੋ ਗਈ।

ਹਰ ਸ਼ੈਅ ਨਕਲੀ ਜਹੀ
ਹਰ ਤਰਫ਼ ਧੋਖਾ ਜਿਹਾ।
ਹਰ ਵਸਤੂ ਦੇ ਅੰਦਰ
ਅੱਜ ਮਿਲਾਵਟ ਹੈ ਪਈ।
ਦੁੱਧ ਵਿੱਚ ਪਾਣੀ ਤਾਂ ਉਂਜ
ਸੀ ਚਿਰਾਂ ਤੋਂ ਵਿਕ ਰਿਹਾ
ਪਰ ਜ਼ਹਿਰੀਲੇ ਤੱਤਵ ਵੀ
ਨੇ ਦੁੱਧ ਵਿੱਚ ਹੁਣ ਮਿਲ ਰਹੇ।



Academy of the Punjab in North America: http://www.apnaorg.com

ਤੇਲ ਵਿਚ ਮਾੜੇ ਰਸਾਇਣ
ਘਿਓ ਵਿਚ ਚਰਬੀ ਮਿਲੀ
ਮਿਰਚ, ਹਲਦੀ ਵਿੱਚ ਸੁਰਖੀ
ਹੋਰ ਕੀ ਕੀ ਹੈ ਪਿਆ।

ਔਸ਼ਦੀ ਵਿੱਚ ਵੀ ਮਿਲਾਵਟ
ਕਰਕੇ ਵਪਾਰੀ ਮੌਤ ਦੇ
ਜ਼ਿੰਦਗੀ ਇਨਸਾਨ ਦੀ ਏ
ਨਾਲ ਨੇ ਪਏ ਖੇਡਦੇ।

ਕੇਸਰ ਜਹੀ ਸੁੱਚੀ ਸ਼ੈਅ ਵੀ
ਬੱਚ ਕੇ ਨਾ ਰਹਿ ਸਕੀ
ਨਕਲੀ ਤੁਰੀਆਂ ਉਤੇ
ਰੰਗ ਹੈ ਚੜ੍ਹਿਆ ਹੋਇਆ।

ਨਕਲੀ ਕੇਸਰ ਨੇ
ਕੇਸਰ ਬੀਜ ਨੂੰ ਘੁਣ ਲਾ ਦਿੱਤਾ
ਰੰਗ ਹੈ ਕੇਸਰ ਜੇਹਾ
ਪਰ ਮਹਿਕ ਹੀ ਕੋਈ ਨਹੀਂ।

ਉਫ਼ ਮਿਲਾਵਟ ਤੋਂ ਤਾਂ ਹੁਣ
ਸਾਹਿਤ ਵੀ ਨਾ ਬੱਚ ਸਕਿਆ।
ਸਾਹਿਤ ਦੇ ਸੁੱਚੇ ਨਾਂ ਥੱਲੇ
ਅੱਜ ਝੂਠ ਵੀ ਹੈ ਛੱਪ ਰਿਹਾ।



Academy of the Punjab in North America: http://www.apnaorg.com

ਨਕਲੀ ਨਾਵੇਂ ਤੇ ਸਰਨਾਵੇਂ
ਨੇ ਅੱਜ ਵਿਕਦੇ ਪਏ।
ਨਾਲ ਚਾਵਾਂ ਦੇ ਨਾਵਾਂ
ਨਾਲ ਨੇ ਲਿਖਦੇ ਪਏ।

ਪਿਆਰ ਵੀ ਅੱਜ ਹੈ ਦਿਖਾਵਾ
ਬੋਲ ਵੀ ਨੇ ਬਨਾਵਟੀ।
ਗਰਜ਼ ਦੀ ਖਾਤਰ ਹੀ ਕੋਈ
ਹੈ ਕਿਸੇ ਨੂੰ ਚਾਹ ਰਿਹਾ।

ਚਾਪਲੂਸੀ, ਖਾਣਾ ਪਿਲਾਉਣਾ
ਮਾਪਦੰਡ ਨੇ ਰਹਿ ਗਏ।
ਯੋਗਤਾ ਦਾ ਹੁਣ ਜਿਵੇਂ
ਮੁੱਲ ਹੀ ਕੋਈ ਨਹੀਂ।

ਧਰਮ ਨੂੰ ਵੀ ਦੋਖੀਆਂ ਨੇ
ਰਹਿਣ ਦਿੱਤਾ ਨਾ ਅਲੱਗ।
ਪਾ ਕੇ ਚੋਲੇ ਭੇਖ ਦੇ
ਕਾਲੇ ਕਰਮ ਨੇ ਕਰ ਰਹੇ।

ਸੱਜਣ ਤਾਂ ਸੱਚ ਉਪਦੇਸ਼ ਸੁਣ
ਸੱਚਮੁੱਚ ਸੱਜਣ ਸੀ ਹੋ ਗਿਆ।
ਅੱਜ ਰੱਬ ਦੇ ਨਾਂ ਥੱਲੇ ਹੀ
ਠੱਗ ਨੇ ਠੱਗਦੇ ਪਏ।



Academy of the Punjab in North America: http://www.apnaorg.com

ਗਰਜ਼ ਨੇ ਅੱਜ ਦੋਸਤੀ ਨੂੰ
ਵੀ ਹੈ ਦੂਸ਼ਤ ਕਰ ਦਿੱਤਾ।
ਜਿੱਥੋਂ ਗਰਜ਼ ਹੈ ਪੁੱਗਦੀ
ਉਥੇ ਹੀ ਸਮਝੋ ਦੋਸਤੀ।

ਕਦਰਾਂ ਤੇ ਕੀਮਤਾਂ
ਗੱਲ ਹੈ ਪੁਰਾਣੀ ਹੋ ਗਈ।
ਆਚਾਰ ਸਦਾਚਾਰ ਨੂੰ
ਕੌਣ ਹੈ ਅੱਜ ਗੌਲਦਾ।

ਹੱਕ ਪਰਾਇਆ ਖਾਣ ਨੂੰ
ਤੂੰ ਪਾਪ ਸੀ ਦਰਸਾਇਆ।
ਕੂੜ ਬੋਲ ਮੁਰਦਾਰ ਖਾਏ
ਸੀ ਬਾਬਾ ਸਮਝਾਇਆ।

ਹੱਕ ਵੀ ਨੇ ਮਾਰਦੇ
ਤੇ ਕੂੜ ਵੀ ਨੇ ਬੋਲਦੇ
ਬੋਲਣਾ ਕਿਤੇ ਰਿਹਾ
ਲਿਖ ਕੇ ਕੁਫ਼ਰ ਨੇ ਤੋਲਦੇ।

ਬਾਕੀ ਸਭ ਕੁਛ ਹੜ੍ਹ
ਮਿਲਾਵਟ ਦੇ ਅੰਦਰ ਹੈ ਵਹਿ ਗਿਆ।
ਅਸਲੀ ਹੁਣ ਰੱਬ ਦਾ ਹੀ
ਨਾਂ ਹੈ ਬਾਕੀ ਰਹਿ ਗਿਆ।

*



Academy of the Punjab in North America: http://www.apnaorg.com

# ਸੰਦੇਸ਼

ਹੱਦੋਂ ਪਾਰ ਵੱਸਦੇ ਵੀਰ
ਤੇਰਾ ਨਾਂ ਰੰਗ ਤੇ ਰੁਤਬਾ
ਮੈਂ ਨਹੀਂ ਜਾਣਦਾ ਪਰ
ਇਤਨਾ ਮੈਨੂੰ ਅਹਿਸਾਸ ਹੈ
ਕਿ ਤੂੰ ਵੀ ਮੇਰੇ ਵਾਂਗ ਹੀ
ਮਨੁੱਖ ਜਾਤੀ ਦਾ
ਇੱਕ ਅੰਗ ਹੈਂ ਅਤੇ
ਮਨੁੱਖਤਾ ਹੀ ਮੇਰੀ ਅਤੇ
ਤੇਰੀ ਅਸਲੀ ਪਹਿਚਾਣ ਹੈ।

ਤੇਰੇ ਵੀ ਮੇਰੇ ਵਾਂਗ ਹੀ
ਨੈਣ ਨਕਸ਼, ਹੱਥ ਪੈਰ
ਮੂੰਹ-ਮੱਥਾ
ਇੱਕ ਜਿਸਮ ਅਤੇ
ਇੱਕ ਜਾਨ ਹੈ।



Academy of the Punjab in North America: http://www.apnaorg.com

ਤੇਰੀਆਂ ਨਾੜਾਂ ਅੰਦਰ ਵੀ
ਮੇਰੇ ਵਾਂਗ ਹੀ
ਲਾਲ ਲਹੂ ਹੈ ਦੌੜਦਾ ਅਤੇ
ਅਸੀਂ ਦੋਵੇਂ ਹੀ
ਵਾਸੀ ਹਾਂ ਵਿਸ਼ਵ ਦੇ
ਸਾਡਾ ਦੋਹਾਂ ਦਾ
ਇੱਕੋ ਹੀ ਜਹਾਨ ਹੈ।

ਤੂੰ ਕਿਸ ਅਕੀਦੇ ਨਾਲ
ਜੁੜਿਆ ਹੈਂ
ਇਹ ਤੇਰਾ ਨਿੱਜੀ ਮਾਮਲਾ ਹੈ।
ਪਰ ਅਸਾਂ ਸਾਰਿਆਂ ਲਈ
ਮਨੁੱਖਤਾ ਪਰਧਾਨ ਹੈ।

ਮੇਰੇ ਮਿੱਤਰ ਤੂੰ ਵੀ
ਮੇਰੇ ਵਾਂਗ ਹੀ
ਦੁੱਖ-ਸੁੱਖ, ਖੁਸ਼ੀ ਤੇ ਗ਼ਮ
ਅਨੁਭਵ ਕਰਦਾ ਹੋਵੇਂਗਾ।
ਤੇਰੀਆਂ ਵੀ ਮੇਰੇ ਵਾਂਗ ਹੀ



Academy of the Punjab in North America: http://www.apnaorg.com

ਕਸਕਾਂ, ਪੀੜਾਂ
ਸੱਧਰਾਂ ਤੇ ਹਸਰਤਾਂ ਹੋਣਗੀਆਂ
ਕਿਉਂਕਿ ਦੁਨੀਆਂ ਉੱਤੇ ਸਦਾ
ਏਹੀ ਕੁਛ ਤਾਂ
ਜ਼ਿੰਦਗੀ ਦਾ ਸਾਮਾਨ ਹੈ।

ਕਦੀ ਦੁਨੀਆਂ ਬਹੁਤ ਵੱਡੀ
ਬਹੁਤ ਦੂਰ ਦਿਸਦੀ ਸੀ।
ਗਰਜ਼ ਨੇ ਹਮੇਸ਼ਾਂ ਹੀ
ਮਨੁੱਖਾਂ ਵਿੱਚ
ਵੰਡੀਆਂ ਪਾਈਆਂ ਨੇ ਪਰ
ਮਨੁੱਖੀ ਸਾਂਝ ਓਦੋਂ ਵੀ
ਕਿਸੇ ਨਾ ਕਿਸੇ ਰੰਗ ਵਿੱਚ
ਮੌਜੂਦ ਸੀ।
ਏਸ ਗੱਲ ਦਾ
ਮਨੁੱਖ ਨੂੰ ਅਧਿਐਨ ਹੈ।

ਸਭ ਦੇ ਸਾਂਝੇ ਗੁਰੂ
ਬਾਬਾ ਨਾਨਕ ਨੇ ਤਾਂ
ਸਾਰੇ ਬ੍ਰਹਿਮੰਡ ਦੀ
ਗੱਲ ਕੀਤੀ ਸੀ।



Academy of the Punjab in North America: http://www.apnaorg.com

ਚੰਨ ਤਾਰਿਆਂ, ਪਾਤਾਲਾਂ ਆਕਾਸ਼ਾਂ
ਦੀਪਾਂ ਤੇ ਲੋਆਂ ਦੀ
ਗੱਲ ਆਖੀ ਸੀ।
ਅਤੇ ਸਰਬੱਤ ਦਾ ਭਲਾ
ਰੱਬ ਤੋਂ ਮੰਗਿਆ ਸੀ।
ਏਸ ਗੱਲ ਦਾ ਸਾਰੀ
ਮਨੁੱਖਤਾ ਨੂੰ ਮਾਣ ਹੈ।

ਅੱਜ ਤਾਂ ਦੁਨੀਆਂ
ਸਿਮਟ ਕੇ ਇੱਕ
ਪਿੰਡ ਵਾਂਗ ਹੋ ਗਈ।
ਵਿਗਿਆਨ ਦੇ ਵਿਕਾਸ ਨੇ
ਦੇਸ਼ਾਂ ਤੇ ਪਰਾਂਤਾਂ ਨੂੰ
ਹੋਰ ਨੇੜੇ ਹੋਰ ਨੇੜੇ
ਲੈ ਆਂਦਾ ਹੈ। ਅੱਜ ਪਰ ਲੋੜ ਹੈ
ਭੂਗੋਲਿਕ ਦੂਰੀਆਂ ਦੇ ਨਾਲ ਨਾਲ
ਦਿਲਾਂ ਦੀਆਂ ਦੂਰੀਆਂ ਨੂੰ ਵੀ
ਦੂਰ ਕਰੀਏ।
ਏਸ ਵਿੱਚ ਹੀ ਸਾਰੀ
ਮਨੁੱਖ ਜਾਤੀ ਦਾ
ਕਲਿਆਣ ਹੈ।



Academy of the Punjab in North America: http://www.apnaorg.com

ਪੰਛੀਆਂ ਪਾਸੋਂ ਸਿੱਖੀਏ ਵੀਰਾ
ਹੱਦਾਂ, ਬੰਨਿਆਂ ਦੀਆਂ
ਬੰਦਸ਼ਾਂ ਤੋਂ ਬਾਹਰ ਆ ਕੇ
ਸਮੁੱਚੀ ਮਾਨਵਤਾ ਦੀ
ਭਲਾਈ ਸੋਚੀਏ
ਡਾਰਾਂ ਬੰਨ੍ਹ ਬੰਨ੍ਹ ਕੇ
ਆਕਾਸ਼ਾਂ ਤੇ
ਉਡਾਰੀਆਂ ਲਾਈਏ।
ਪਿਆਰ ਭਰੇ ਗੀਤ
ਰਲ ਮਿਲ ਕੇ ਗਾਈਏ।
ਪਿਆਰ ਦਾ ਸੰਦੇਸ਼
ਥਾਂ-ਥਾਂ ਪਹੁੰਚਾਈਏ।
ਪੰਛੀਆਂ ਕੋਲ ਉਡਾਰੀ ਹੈ ਮਿੱਤਰਾ
ਸਾਡੇ ਕੋਲ ਕਲਮ ਹੈ
ਜ਼ੁਬਾਨ ਹੈ !

*



Academy of the Punjab in North America: http://www.apnaorg.com

# ਦਰਦ

ਕਿਸੇ ਨੂੰ ਹੁਣ ਕਿਸੇ ਦਾ
ਦਰਦ ਨਹੀਂ ਰਿਹਾ ਹੈ।
ਹੁਣ ਕਿਸੇ ਦਾ ਕੋਈ
ਹਮਦਰਦ ਨਹੀਂ ਰਿਹਾ ਹੈ।

ਦੂਜੇ ਨੂੰ ਫੱਟ ਮਾਰਨ ਲੱਗਿਆਂ
ਮਨੁੱਖ ਸੋਚਦਾ ਨਹੀਂ
ਜੇ ਕਦੀ ਉਸਦੇ ਆਪਣੇ
ਸਰੀਰ ਨੂੰ ਵੀ
ਇਸੇ ਤਰ੍ਹਾਂ ਫੱਟ ਵਜੇ ਤਾਂ
ਦਰਦ ਉਸਨੂੰ ਵੀ
ਉਸੇ ਤਰ੍ਹਾਂ ਤੜਪਾਏਗਾ।
ਘਾਵ ਖਾ ਕੇ ਉਹ ਵੀ
ਉਸੇ ਤਰ੍ਹਾਂ ਕੁਰਲਾਏਗਾ।
ਲਾਲ ਲਾਲ ਲਹੂ
ਉਸਦੇ ਜ਼ਖ਼ਮਾਂ 'ਚੋਂ ਵੀ
ਉਸੇ ਤਰ੍ਹਾਂ ਵਗੇਗਾ।
ਲਹੂ ਤਾਂ ਸਾਰਿਆਂ ਦੀ ਨਾੜਾਂ ਵਿੱਚ
ਇੱਕੋ ਜੇਹਾ ਹੀ ਵੱਗ ਰਿਹਾ ਹੈ।



Academy of the Punjab in North America: http://www.apnaorg.com

ਕਿਸੇ ਪਾਸੇ ਉਸਦੇ ਮਾਂ ਪਿਓ
ਜਾਂ ਸਾਕ ਸਬੰਧੀਆਂ ਦਾ
ਸਹਾਰਾ ਖੋਹ ਲੈਣ ਲੱਗਿਆਂ
ਕਾਤਲ ਕਦੀ ਨਹੀਂ ਸੋਚਦਾ
ਜੇ ਕਦੀ ਉਸ ਨਾਲ ਵੀ
ਏਹੀ ਕੁਛ ਵਾਪਰ ਜਾਏ ਤਾਂ
ਉਸਨੂੰ ਕੈਸਾ ਲੱਗੇਗਾ।

ਮਨੁੱਖ ਅੱਜ ਕਿਤਨਾ
ਬੇਆਰ ਹੋ ਗਿਆ ਹੈ।
ਸੁਆਰਥ ਅਤੇ ਅਗਿਆਨਤਾ ਦਾ
ਸ਼ਿਕਾਰ ਹੋ ਗਿਆ ਹੈ।
ਦਯਾ ਮਨੁੱਖ ਦਾ
ਉਹ ਦੈਵੀ ਗੁਣ ਹੈ
ਜਿਸ ਤੋਂ ਸੱਖਣਾ ਮਨੁੱਖ
ਖੂੰਖਾਰ ਦਰਿੰਦੇ ਨਾਲੋਂ
ਵੱਖਰਾ ਨਹੀਂ ਰਹੇਗਾ।



Academy of the Punjab in North America: http://www.apnaorg.com

ਦੂਜਿਆਂ ਦਾ ਦਰਦ
ਜਦੋਂ ਤੱਕ ਮਨੁੱਖ
ਅਨੁਭਵ ਕਰਦਾ ਰਹੇਗਾ
ਓਦੋਂ ਤੱਕ ਉਸਦਾ ਜ਼ਮੀਰ
ਜਾਗਦਾ ਪਿਆ ਹੈ।
ਜਦੋਂ ਮਨੁੱਖ ਦੇ ਅੰਦਰੋਂ
ਦੂਜਿਆਂ ਦੇ ਦਰਦ ਦਾ
ਅਹਿਸਾਸ ਮੁੱਕ ਗਿਆ ਤਾਂ
ਸਮਝੋ ਉਹ ਮਰ ਗਏ
ਜ਼ਮੀਰ ਦੀ ਪੰਡ ਢੋ ਰਿਹਾ ਹੈ।

ਅਸਲ ਵਿੱਚ ਤਾਂ
ਦਰਦ ਹੀ ਦਵਾ ਹੈ।
ਦਰਦ ਹੀ ਦਯਾ ਹੈ।
ਦਰਦ ਹੀ ਦੁਆ ਹੈ।
ਦਰਦ ਦਾ ਅਹਿਸਾਸ ਹੀ
ਮਨੁੱਖ ਦਾ ਸੁਭਾਅ ਹੈ।

*



Academy of the Punjab in North America: http://www.apnaorg.com

# ਭੂਚਾਲ

ਚਾਣਚੱਕ ਕਿੱਥੋਂ ਇਹ ਭੂਚਾਲ ਜੇਹਾ ਆ ਗਿਆ।
ਪਲ ਦੇ ਹੀ ਪਲ ਜਿਵੇਂ ਕਹਿਰ ਕੋਈ ਢਾਹ ਗਿਆ।

ਉਜੜ ਗਏ ਸ਼ਹਿਰ ਨਾਲੇ ਬਸਤੀਆਂ ਵੀਰਾਨ ਹੋਈਆਂ।
ਵੇਖ ਕੇ ਇਹ ਹਾਲ ਕਲਜੋਗਣਾ ਹੈਰਾਨ ਹੋਈਆਂ।
ਹੱਸਦੇ ਹੋਏ ਚਿਹਰਿਆਂ ਤੇ ਮਾਤਮ ਜਿਵੇਂ ਛਾ ਗਿਆ।
ਪੱਲ ਦੇ ਹੀ ਪਲ ਜਿਵੇਂ ਕਹਿਰ ਕੋਈ ਢਾਹ ਗਿਆ।

ਕੰਬ ਉਠੀ ਧਰਤੀ ਤੇ ਡੋਲਿਆ ਆਕਾਸ਼ ਵੀ।
ਨੇਹਰੀ ਜਹੀ ਛਾਈ ਹੋਇਆ ਧੁੰਦਲਾ ਆਕਾਸ਼ ਵੀ।
ਭੱਖਦੇ ਸੂਰਜ ਤਾਈਂ ਕੌਣ ਹੈ ਬੁਝਾ ਗਿਆ।
ਪਲ ਦੇ ਹੀ ਪਲ ਜਿਵੇਂ ਕਹਿਰ ਕੋਈ ਢਾਹ ਗਿਆ।



Academy of the Punjab in North America: http://www.apnaorg.com

ਆਰ-ਪਾਰ ਲੱਗ ਗਈ ਨਜ਼ਰ ਕਸ਼ਮੀਰ ਨੂੰ।
ਰੱਬਾ ਹੁਣ ਰੱਖ ਲੈ ਜਨਤ ਬੇਨਜ਼ੀਰ ਨੂੰ।
ਹੁੰਦਾ ਨਾ ਬਿਆਨ ਜਿਹੜਾ ਦੁੱਖ ਏਹਨੂੰ ਖਾ ਗਿਆ।
ਪਲ ਦੇ ਹੀ ਪਲ ਜਿਵੇਂ ਕਹਿਰ ਕੋਈ ਢਾਹ ਗਿਆ।

ਇੱਕ ਤਾਂ ਮਨੁੱਖ ਨੂੰ ਵਿਛੋੜਿਆਂ ਨੇ ਮਾਰਿਆ।
ਦੂਜਾ ਹੋਏ ਫੱਟੜਾਂ ਨੇ ਪੀੜਾਂ ਨੂੰ ਸਹਾਰਿਆ।
ਦੁੱਖੜਾ ਮਨੁੱਖਤਾ ਦਾ ਦਿਲਾਂ ਨੂੰ ਹਿਲਾ ਗਿਆ।
ਪਲ ਦੇ ਹੀ ਪਲ ਜਿਵੇਂ ਕਹਿਰ ਕੋਈ ਢਾਹ ਗਿਆ।

ਛੱਤਾਂ ਤੋਂ ਬਗੈਰ ਠੰਡ ਵਿੱਚ ਬੈਠੇ ਵੀਰ ਨੇ।
ਆਓ ਦੁੱਖ ਵੰਡੀਏ ਇਹ ਸਾਡੇ ਹੀ ਸਰੀਰ ਨੇ।
ਫ਼ਰਜ਼ ਨਿਭਾਈਏ ਜਿਹੜਾ ਸਾਡੇ ਉੱਤੇ ਆ ਗਿਆ।
ਪਲ ਦੇ ਹੀ ਪਲ ਜਿਵੇਂ ਕਹਿਰ ਕੋਈ ਢਾਹ ਗਿਆ।

ਚਾਣਚੱਕ ਕਿੱਥੋਂ ਇਹ ਤੂਫ਼ਾਨ ਜੇਹਾ ਆ ਗਿਆ।
ਪਲ ਦੇ ਹੀ ਪਲ ਜਿਵੇਂ ਕਹਿਰ ਕੋਈ ਢਾਹ ਗਿਆ।

*



Academy of the Punjab in North America: http://www.apnaorg.com

## ਗ਼ਜ਼ਲ

ਮੇਰਾ ਦਰਦ ਪਿਆਰਾ ਮੈਨੂੰ।
ਹੋਰ ਨਹੀਂ ਕੋਈ ਚਾਰਾ ਮੈਨੂੰ।

ਦਿਲ ਦੇ ਦਾਗ ਦੱਸੇ ਨਹੀਂ ਜਾਂਦੇ
ਪੁੱਛਦਾ ਏ ਜੱਗ ਸਾਰਾ ਮੈਨੂੰ।

ਸੀਮਤ ਸੋਚ ਸਮਝ ਨਾ ਆਵੇ
ਵੱਡਾ ਤੇਰਾ ਪਾਸਾਰਾ ਮੈਨੂੰ।

ਕਣ ਕਣ ਵਿੱਚੋਂ ਪੈਂਦਾ ਮਨ ਤੇ
ਤੇਰਾ ਇੱਕ ਝਲਕਾਰਾ ਮੈਨੂੰ।

ਦੁਖੀ ਦਿਲਾਂ ਦੀਆਂ ਆਹਾਂ ਵਿੱਚੋਂ
ਮਿਲਦੈ ਇੱਕ ਹੁੰਗਾਰਾ ਮੈਨੂੰ।

ਨਾਲ ਦਵਾ ਦੇ ਖ਼ੈਰ ਵੀ ਮੰਗਣੀ
ਕਹੇ ਬੀਮਾਰ ਵਿਚਾਰਾ ਮੈਨੂੰ।

ਸੁਆਰਥ ਦੀਆਂ ਸਾਂਝਾਂ ਨੇ ਐਥੇ
ਦਿਸਦਾ ਹੋਰ ਨਾ ਕਾਰਾ ਮੈਨੂੰ।



Academy of the Punjab in North America: http://www.apnaorg.com

ਖਰਾ ਖੋਟਾ ਸਭ ਚਲ ਜਾਂਦਾ ਏ
ਜੋ ਆ ਜਾਏ ਵਾਰਾ ਮੈਨੂੰ।

ਦਰ ਦਰ ਛੋੜ ਕੇ ਦਰ ਤੇਰੇ ਦਾ
ਮਿਲਿਆ ਇੱਕ ਸਹਾਰਾ ਮੈਨੂੰ।

ਯਾਦ ਤੇਰੀ ਰਹੇ ਹਰਦਮ ਦਿਲ ਵਿੱਚ
ਮੇਰੇ ਰਹਿਰਮ ਯਾਰਾ ਮੈਨੂੰ।

ਬਸ ਇੱਕ ਤੂੰ ਮੇਰੇ ਵੱਲ ਹੋਵੇਂ
ਭੁੱਲ ਜਾਏ ਜੱਗ ਸਾਰਾ ਮੈਨੂੰ।

ਨਜ਼ਰ ਮੇਹਰ ਦੀ ਜੇ ਹੋ ਜਾਏ
ਭੁੱਲ ਜਾਏ ਦੁੱਖ ਸਾਰਾ ਮੈਨੂੰ।

ਮੇਰਾ ਦਰਦ ਪਿਆਰਾ ਮੈਨੂੰ।
ਹੋਰ ਨਹੀਂ ਕੋਈ ਚਾਰਾ ਮੈਨੂੰ।

*



Academy of the Punjab in North America: http://www.apnaorg.com

# ਗ਼ਜ਼ਲ

ਦੁਨੀਆਂ ਤੇ ਜਿਸ ਵੀ ਆਉਣਾ ਹੈ।
ਉਸਨੇ ਆਖ਼ਰ ਨੂੰ ਜਾਣਾ ਹੈ।

ਕਿਹੜੀ ਗੱਲ ਦਾ ਮਾਣ ਕਰੇ ਕੋਈ
ਸਭ ਕੁਛ ਆਖ਼ਰ ਛੱਡ ਜਾਣਾ ਹੈ।

ਸਦਾ ਬਹਾਰ ਕਦੀ ਨਹੀਂ ਰਹਿੰਦੀ
ਪਤਝੜ ਨੇ ਇੱਕ ਦਿਨ ਛਾਣਾ ਹੈ।

ਈਰਖਾ, ਗਰਜ਼, ਹਉਮੇ ਹੈ ਅੰਦਰ
ਅੱਖ ਦੁਖੇ ਬਸ ਧੂੰ ਭਾਣਾ ਹੈ।

ਕੌਣ ਕਿਸੇ ਦੀ ਸੁਣਦੈ ਐਥੇ
ਆਪਣੇ ਮਨ ਨੂੰ ਸਮਝਾਣਾ ਹੈ।

ਜ਼ਿੰਦਗੀ ਇੱਕ ਪੜਾ ਹੈ ਖਾਲੀ
ਮਕਸਦ ਮੰਜ਼ਿਲ ਨੂੰ ਪਾਉਣਾ ਹੈ।

ਦੁਨੀਆਂ ਮੇਲਾ ਚਾਰ ਦਿਨਾ ਦਾ
ਲਾ ਕੇ ਨੇਹੁੰ ਬਸ ਪਛਤਾਉਣਾ ਹੈ।

ਯਾਦ ਬਾਕੀ ਰਹਿੰਦਾ ਹੈ ਓਹੀ
ਚੰਗਾ ਜੋ ਕੁਛ ਕਰ ਜਾਣਾ ਹੈ।

ਦੁਨੀਆਂ ਤੇ ਜਿਸ ਵੀ ਆਉਣਾ ਹੈ
ਉਸਨੇ ਆਖ਼ਰ ਨੂੰ ਜਾਣਾ ਹੈ।

*



Academy of the Punjab in North America: http://www.apnaorg.com

# ਗ਼ਜ਼ਲ

ਸਫ਼ਰ ਜੀਵਨ ਦਾ ਕਟਦਾ ਜਾ ਰਿਹਾ ਹੈ।
ਅੱਗਾ ਹੋਰ ਨੇੜੇ ਆ ਰਿਹਾ ਹੈ।

ਰਾਹਾਂ ਦੇ ਮੋੜਾਂ ਉਤੇ ਲਿਖ ਆਏ ਹਾਂ
ਚੁੱਕਿਆ ਕਿਹੜਾ ਕਦਮ ਕੈਸਾ ਰਿਹਾ ਹੈ।

ਜਗਮਗਾਹਟ ਵਿਚ ਭਰੀ ਦੁਪਹਿਰ ਦੇ
ਸ਼ਾਮ ਆਉਣੀ ਹੈ ਨਹੀਂ ਚੇਤਾ ਰਿਹਾ ਹੈ।

ਕਾਰਵਾਂ ਓੜਕ ਨਿਭੇ ਕੱਦ ਨਾਲ ਨੇ
ਸਾਥ ਕਿਸੇ ਦਾ ਕਦੋਂ ਸਦਾ ਰਿਹਾ ਹੈ।

ਵੇਗ ਵਕਤ ਦਾ ਕਦੀ ਰੁਕਦਾ ਨਹੀਂ
ਆਪਣੀ ਚਾਲੇ ਸਦਾ ਚੱਲਦਾ ਰਿਹਾ ਹੈ।

ਉਹ ਵੀ ਤਾਂ ਡੁੱਬੇਗਾ ਵਿਚ ਮੰਝਦਾਰ ਦੇ
ਛੇਦ ਬੇੜੀ ਵਿੱਚ ਜੋ ਪਾਉਂਦਾ ਰਿਹਾ ਹੈ।

ਲੈਂਹ ਜਾਂਦਾ ਹੈ ਪਾਜ ਓੜਕ ਨੂੰ ਭਾਵੇਂ
ਭੇਖ ਕਿੰਨੇ ਹੀ ਕੋਈ ਦਿਖਲਾ ਰਿਹਾ ਹੈ।

ਕੰਡੇ ਹੀ ਕੰਡੇ ਨੇ ਅੱਜ ਸੰਸਾਰ ਵਿੱਚ
ਚੁਬਣਾ ਵਿਵਹਾਰ ਬਣਦਾ ਜਾ ਰਿਹਾ ਹੈ।

ਸਫ਼ਰ ਜੀਵਨ ਦਾ ਕਟਦਾ ਜਾ ਰਿਹਾ ਹੈ
ਅੱਗਾ ਹੋਰ ਨੇੜੇ ਆ ਰਿਹਾ ਹੈ।

*



Academy of the Punjab in North America: http://www.apnaorg.com

# ਮੰਝਧਾਰਾਂ 'ਚੋਂ

ਕਰਮਾਂ ਨਾਲ ਮਿਲੇ ਸੀ ਅਜ਼ਲੋਂ
ਬੇਸ਼ਬਹਾ ਅਨਮੋਲ ਖਜ਼ਾਨੇ।
ਭੁੱਲ ਭੁਲੇਖਿਆਂ ਵਿਚ ਗਵਾਏ
ਕੁਛ ਜਾਣੇ ਤੇ ਕੁਛ ਅਣਜਾਣੇ।

ਹੀਰੇ, ਕੀਮਤੀ ਲਾਲ ਜਵਾਹਰ
ਮਾਣਕ ਮੋਤੀ ਸੀ ਧਨ ਪਲੇ।
ਇਸ ਪੂੰਜੀ 'ਚੋਂ ਇੱਕ ਇੱਕ ਕਰਕੇ
ਕਿਰਦੇ ਰਹੇ ਕੀਮਤੀ ਦਾਣੇ।

ਸਾਗਰ 'ਚੋਂ ਬੇੜੀ ਤੇ ਚੜ੍ਹਕੇ
ਸ਼ਾਂਤ ਲਹਿਰਾਂ ਤੇ ਤਰਨਾ ਸੀ ਪਰ।
ਮੰਝਧਾਰਾਂ ਨੇ ਘੇਰ ਲਿਆ ਬਸ
ਗਏ ਨਾ ਸਾਥੋਂ ਰਾਹ ਪਛਾਣੇ।



Academy of the Punjab in North America: http://www.apnaorg.com

ਘੁੰਮਣ ਘੇਰੀਆਂ ਵਿੱਚ ਇਹ ਕਿਸ਼ਤੀ
ਖਾਂਦੀ ਰਹੀ ਮੁੜ-ਮੁੜ ਹਿਚਕੋਲੇ।
ਛੱਡਦੇ ਗਏ ਸਾਥ ਸੰਗੀ ਵੀ
ਦਿਸਦੇ ਛਿਪਦੇ ਰਹੇ ਠਿਕਾਣੇ।

ਤਰਦੇ ਤਰਦੇ ਭਵਸਾਗਰ 'ਚੋਂ
ਗੰਠੜੀ ਬਹੁਤ ਗਵਾ ਆਏ ਹਾਂ।
ਹੋਰ ਕਿਸੇ ਨਹੀਂ ਪਾਰ ਲੰਘਾਉਣਾ
ਬਾਜ ਸਚੇ ਮਹਿਰਮ ਮੁਹਾਣੇ।

ਸਾਂਭ ਹਾਲੇ ਵੀ ਜੋ ਹੈ ਬਾਕੀ
ਛੱਡ ਦੇ ਬੇੜੀ ਉਸ ਦੇ ਭਾਣੇ।
ਸ਼ਾਂਤ ਮਤਾਂ ਮੰਝਦਾਰਾਂ ਵਿੱਚੋਂ
ਲਗ ਜਾਏ ਇਹ ਕਿਸੇ ਠਿਕਾਣੇ।

ਕਰਮਾਂ ਨਾਲ ਮਿਲੇ ਸੀ ਅਜ਼ਲੋਂ
ਬੇਸ਼ਬਹਾ ਅਨਮੋਲ ਖ਼ਜ਼ਾਨੇ।
ਭੁੱਲ ਭੁਲੇਖਿਆਂ ਵਿੱਚ ਗਵਾਏ
ਕੁਛ ਜਾਣੇ ਤੇ ਕੁਛ ਅਣਜਾਣੇ।

*



Academy of the Punjab in North America: http://www.apnaorg.com

# ਟਿਮਟਿਮਾਂਦੀ ਲੋਅ

ਟਿਮਟਿਮਾਂਦੀ ਲੋਅ ਦੀਵੇ ਦੀ
ਦੱਸ ਰਹੀ ਹੈ
ਦੀਵਾ ਬੁੱਝਣ ਵਾਲਾ ਹੈ।
ਝੱਖੜ, ਝੰਗ, ਤੰਦ ਹਵਾਵਾਂ ਤੋਂ
ਰੱਬ ਰਜਾਈ ਬਚਦਾ
ਰਿਹਾ ਹੈ ਭਾਵੇਂ।
ਪਰ ਹੁਣ ਦੀਵੇ ਦਾ ਤੇਲ
ਮੁੱਕਣ ਵਾਲਾ ਹੈ।

ਪਰਮ ਪਰਕਾਸ਼ ਸਾਹਵੇਂ
ਨਿੱਕੇ ਜਹੇ ਦੀਵੇ ਦਾ
ਕੋਈ ਮੁੱਲ ਤਾਂ ਨਹੀਂ ਪਰ
ਪਰਮ ਪਰਕਾਸ਼ ਦਾ ਹੀ
ਇਹ ਮਿੱਟੀ ਦਾ ਨਿਮਾਣਾ ਦੀਵਾ
ਇੱਕ ਨਿੱਕਾ ਜੇਹਾ ਹਾਲਾ ਹੈ।



Academy of the Punjab in North America: http://www.apnaorg.com

ਇਸ ਨਿਮਾਣੇ ਦੀਵੇ ਦਾ
ਬਹੁਤਾ ਕੀਮਤੀ ਤੇਲ
ਵਿਅਰਥ ਬਲ ਗਿਆ ਹੈ।
ਕਿਸੇ ਨਾ ਕਿਸੇ ਨੂੰ
ਕਦੀ ਨਾ ਕਦੀ
ਏਸ ਬਲਦੇ ਦੀਵੇ ਤੋਂ
ਆਂਚ ਵੀ ਆਈ ਹੋਵੇਗੀ
ਇਸ ਦਾ ਪਸ਼ਚਾਤਾਪ ਵੀ
ਦੀਵੇ ਨੇ ਹੰਢਾਇਆ ਹੈ।
ਲੋਅ ਦੇ ਨਾਲ ਨਾਲ
ਕੁੱਛ ਤਾਂ ਹੰਦੀ ਜਵਾਲਾ ਹੈ।

ਬਸ ਓਹੀ ਪਲ ਇਸ ਦੇ
ਸਫ਼ਲ ਨੇ ਜੇ ਕਦੀ
ਸੀਮਤ ਜਹੇ ਘੇਰੇ ਅੰਦਰ ਵੀ
ਏਸ ਨਿਮਾਣੇ ਦੀਵੇ ਤੋਂ
ਹੋਇਆ ਕਦੀ ਉਜਾਲਾ ਹੈ।



Academy of the Punjab in North America: http://www.apnaorg.com

ਅਪਾਰ ਪਰਮ ਪਰਕਾਸ਼ ਦੀ
ਇਕ ਛਿੱਟ ਸਦਕਾ
ਬੁੱਝ ਰਹੇ ਦੀਵੇ ਦੀ
ਟਿਮਟਮਾਂਦੀ ਲੌਅ ਵੀ
ਜੋ ਕਦੀ ਆਪਣੇ ਆਲੇ ਦੁਆਲੇ
ਹਨੇਰੀਆਂ ਨੁੱਕਰਾਂ ਨੂੰ
ਜਾਂਦੇ ਜਾਂਦੇ ਰੁਸ਼ਨਾ ਜਾਏ
ਤਾਂ ਇਹ ਉਸਦਾ
ਪਰਮ ਪਰਕਾਸ਼ ਵਿੱਚ
ਲੀਨ ਹੋ ਜਾਣ ਦਾ
ਆਖ਼ਰੀ ਉਪਰਾਲਾ ਹੈ।
ਟਿਮਟਿਮਾਂਦੀ ਲੌਅ ਦੀਵੇ ਦੀ
ਦਸ ਰਹੀ ਹੈ
ਦੀਵਾ ਬੁੱਝਣ ਵਾਲਾ ਹੈ।

*



Academy of the Punjab in North America: http://www.apnaorg.com

# ਗ਼ਜ਼ਲ

ਬਦਲੇ ਮੌਸਮ ਬੀਤੇ ਪੱਲ।
ਲੱਗਦਾ ਏ ਜਿਵੇਂ ਬੀਤੇ ਕੱਲ੍ਹ।

ਕਦੀ ਗੁਲਜ਼ਾਰਾਂ 'ਚੋਂ ਗੁਜ਼ਰੇ
ਕੱਛਣੇ ਪਏ ਕਦੀ ਮਾਰੂਥਲ।

ਜ਼ਖ਼ਮ ਅਸਾਡੇ ਮੁਸਕਾਂਦੇ ਨੇ
ਅੰਦਰ ਸਾਂਭੇ ਨੇ ਕਈ ਸੱਲ।

ਜ਼ਿੰਦਗੀ ਕਸ਼ਮਕਸ਼ ਦਾ ਨਾਂ ਹੈ
ਲੱਭਦੇ ਰਹਿਣਾ ਹੈ ਕੋਈ ਹੱਲ।

ਮੰਜ਼ਲ ਕਿਧਰੇ ਹੋਰ ਹੈ ਸਾਡੀ
ਦੁਨੀਆਂ ਹੈ ਇੱਕ ਮਾਇਆ ਛੱਲ।



Academy of the Punjab in North America: http://www.apnaorg.com

ਰਾਹਾਂ ਤੇ ਕੰਡੇ ਨੇ ਬੀਜੇ
ਜਾਈਏ ਕਿੰਝ ਮਹਿਰਮ ਦੇ ਵੱਲ।

ਆਪੋਧਾਪੀ ਦਾ ਤੂਫ਼ਾਨ ਹੈ
ਕਿਹੜਾ ਇਸ ਨੂੰ ਪਾਵੇ ਠੱਲ੍ਹ

ਝੂਠ, ਫਰੇਬ ਦੇ ਚਰਚੇ ਨੇ ਬਸ
ਸੱਚ ਦੀ ਕਿਹੜਾ ਸੁਣਦੈ ਗੱਲ।

ਨਜ਼ਰ ਮੇਹਰ ਦੀ ਜੇ ਹੋ ਜਾਏ
ਸਫ਼ਰ ਜੀਵਨ ਦਾ ਹੋਏ ਸਫ਼ਲ।

ਬਦਲੇ ਮੌਸਮ ਬੀਤੇ ਪਲ।
ਲੱਗਦਾ ਏ ਜਿਵੇਂ ਬੀਤੇ ਕੱਲ੍ਹ।

*



Academy of the Punjab in North America: http://www.apnaorg.com